*"Of the believers whoso acts righteously, whether male or female, We will surely grant such a one a pure life; and We will certainly reward them according to the measure of the best of their works."*
(16:98)

# ਇਸਲਾਮ ਵਿੱਚ ਇਸਤਰੀ ਦਾ ਅਸਥਾਨ

## (WOMEN IN ISLAM)



ਸਰ ਮੁਹੱਮਦ ਜ਼ਫ਼ਰੁੱਲਾਹ ਖ਼ਾਨ

# ਇਸਲਾਮ ਵਿੱਚ

# ਇਸਤਰੀ

# ਦਾ ਅਸਥਾਨ

ਸਰ ਮੁਹਮੱਦ ਜ਼ਫ਼ਰੁਲੱਾਹ ਖ਼ਾਨ

# اسلام میں عورت کا مقام

از سر محمد ظفراللہ خان

# ਇਸਲਾਮ ਵਿੱਚ ਇਸਤਰੀ ਦਾ ਅਸਥਾਨ


ਲੇਖਕ : ਸਰ ਮੁਹਮੱਦ ਜ਼ਫ਼ਰੁਲੱਾਹ ਖ਼ਾਨ

ਪੰਜਾਬੀ ਅਨੁਵਾਦ : ਗਿਆਨੀ ਸ਼ਮਸ਼ਾਦ ਅਹਮਦ ਅਦਨ

ਸੰਸਕਰਣ ਪਹਿਲਾ : ਮਾਰਚ 2021

ਗਿਣਤੀ : 1000

ਪ੍ਰਕਾਸ਼ਕ : ਨਜ਼ਾਰਤ ਨਸ਼ਰੋ ਇਸ਼ਾਅਤ, ਸਦਰ ਅਜੁੰਮਨ ਅਹਮਦੀਆ ਕਾਦੀਆਂ-143516,
ਜ਼ਿਲਾ ਗੁਰਦਾਸਪੁਰ, ਪੰਜਾਬ, ਭਾਰਤ

ਛਾਪਕ : ਫ਼ਜ਼ਲੇ ਉਮਰ ਪ੍ਰਿੰਟਿੰਗ ਪ੍ਰੈਸ ਕਾਦੀਆਂ


# WOMAN IN ISLAM


Name of Book : Islam Vich Istri Da Asthan

BY : SR. MOHAMMAD ZAFRULLAH KHAN

Punjabi Translation By : Giani Shamshad Ahmad Eden

Published By : Nazarat Nashro Ishaat
Sadr Anjuman Ahmadiyya Qadian-143516,
District-Gurdaspur, Punjab (INDIA)

Eddition First : March 2021

Copies : 1000

Printing At : Fazle Umar Printing Press Qadian

# ਇਸਲਾਮ ਵਿੱਚ ਇਸਤਰੀ ਦਾ ਅਸਥਾਨ

## ਸਰ ਮੁਹਮੱਦ ਜ਼ਫ਼ਰੁਲੱਾਹ ਖ਼ਾਨ

## (ਪੁਸਤਕ ਵੁਮੈਨ ਇਨ ਇਸਲਾਮ ਦਾ ਪੰਜਾਬੀ ਅਨੁਵਾਦ)

ਪੁਰੁਸ਼ ਅਤੇ ਇਸਤਰੀ ਦੇ ਸੰਬੰਧਾ ਨੂੰ ਵਿਕਅਤ ਕਰਨ ਦੇ ਇਲਾਹੀ ਪ੍ਰਸਤਾਵ ਵਿੱਚ ਇਸਲਾਮ ਨੇ ਇਸਤਰੀ ਨੂੰ ਇਕ ਸਨਮਾਨ ਯੋਗ ਤੇ ਆਲੀਸ਼ਾਨ ਅਸਥਾਨ ਪ੍ਰਦਾਨ ਕੀਤਾ ਹੈ । ਅਜਿਹੇ ਨੀਯਮ ਅਮਨ, ਸ਼ਾਂਤੀ, ਖ਼ੁਸ਼ੀ, ਸਨਮਾਨ ਤੇ ਸੰਤਾਨ ਪ੍ਰਾਪਤੀ ਲਈ ਅਤੇ ਪ੍ਰਗਤੀ ਲਈ ਬਹੁਤ ਜ਼ਰੂਰੀ ਹਨ । ਕੁਰਆਨ ਮਜੀਦ ਇਸ ਗੱਲ'ਤੇ ਜ਼ੋਰ ਦਿੰਦਾ ਹੈ ਕਿ, ਕਿਉਂਕਿ ਰੱਬ ਨੇ ਆਪਣੀ ਕਾਮਲ ਸੂਖਮਤਾ ਨਾਲ ਸਾਰਿਆਂ ਜਾਨਦਾਰਾਂ ਨੂੰ ਜੋੜਿਆਂ ਵਿੱਚ ਪੈਦਾ ਕੀਤਾ ਹੈ । ਇਸ ਲਈ ਪੁਰੁਸ਼ ਤੇ ਇਸਤਰੀ ਦੀ ਪੈਦਾਇਸ਼ ਵੀ ਇਸੇ ਹੋਂਦ ਵਿੱਚੋਂ ਹੈ । ਅਲੱਾਹ ਤਆਲਾ ਫ਼ਰਮਾਉਂਦਾ ਹੈ :

"ਤੁਹਾਨੂੰ ਉਸਨੇ ਇਕ ਜਾਨ ਤੋਂ ਪੈਦਾ ਕੀਤਾ ਹੈ । ਫਿਰ ਉਸਨੇ ਇਸੇ ਜਿੰਸ ਵਿੱਚੋਂ ਇਸਦਾ ਜੋੜਾ ਬਣਾਇਆ ।"

(ਸੂਰਤ ਜ਼ੁਮਰ–7)

"ਉਸ ਨੇ ਤੁਹਾਡੀ ਹੀ ਜਿੰਸ ਵਿੱਚੋਂ ਤੁਹਾਡੇ ਸਾਥੀ ਬਣਾਏ ਹਨ"

(ਸੂਰਤ ਸ਼ੂਰਾ 12)

"ਹੇ ਲੋਕੋ ! ਆਪਣੇ ਰੱਬ ਦਾ ਤਕਵਾ (ਸੰਜਮਤਾ) ਧਾਰਣ ਕਰੋ ਜਿਸਨੇ ਤੁਹਾਨੂੰ ਇਕ ਹੀ ਜਾਨ ਤੋਂ ਪੈਦਾ ਕੀਤਾ ਅਤੇ ਇਸ ਤੋਂ ਉਸ ਦਾ ਜੋੜਾ ਪੈਦਾ ਕੀਤਾ ਅਤੇ ਇਹਨਾ ਦੋਹਾਂ ਵਿੱਚੋਂ ਬਹੁਤ ਸਾਰੇ ਪੁਰੁਸ਼ਾਂ ਤੇ ਇਸਤਰੀਆਂ ਨੂੰ ਫੈਲਾਇਆ।"

(ਸੂਰਤ ਨਿਸਾ 2)

"ਉਹੋ ਹੈ ਜਿਸਨੇ ਤੁਹਾਨੂੰ ਇਕ ਜਾਨ ਤੋਂ ਪੈਦਾ ਕੀਤਾ ਹੈ ਅਤੇ ਉਸੇ ਦੀ ਕਿਸਮ ਤੋਂ ਉਸ ਦਾ ਜੋੜਾ ਬਣਾਇਆ ਹੈ ਤਾਂ ਜੋ ਉਹ ਉਸ'ਤੇ ਮੋਹਿਤ ਹੋਕੇ ਸ਼ਾਂਤੀ ਪਾਏ ।"

**(ਸੂਰਤ ਆਰਾਫ਼ 190)**

"ਅਤੇ ਉਸਦੇ ਚਮਤਕਾਰਾਂ ਵਿੱਚੋਂ ਇਹ ਵੀ ਹੈ ਕਿ ਉਸਨੇ ਤੁਹਾਡੀ ਜਿੰਸ ਵਿੱਚੋਂ ਤੁਹਾਡੇ ਲਈ ਜੋੜੇ ਬਣਾਏ ਤਾਂ ਜੋ ਤੁਸੀਂ ਉਹਨਾ ਵੱਲ ਆਕਰਸ਼ਤ ਹੋਕੇ ਸੁਕੂਨ ਹਾਸਲ ਕਰੋ । ਅਤੇ ਤੁਹਾਡੇ ਵਿਚਕਾਰ ਪਿਆਰ ਤੇ ਰਹਿਮ ਦਾ ਸੰਬੰਧ ਪੈਦਾ ਕੀਤਾ ਹੈ । ਇਸ ਵਿੱਚ ਗ਼ੌਰ ਵ ਫ਼ਿਕਰ ਕਰਨ ਵਾਲੀ ਕੌਮ ਲਈ ਬਹੁਤ ਵੱਡੇ ਚਮਤਕਾਰ ਹਨ ।"

**(ਸੂਰਤ ਰੂਮ 22)**

ਇਲਾਮੀ ਸਿੱਖਿਆ ਅਨੁਸਾਰ ਜੋ ਅੰਗ ਤੇ ਸ਼ਕਤੀਆਂ ਰੱਬ ਨੇ ਮਨੁੱਖ ਨੂੰ ਬਖਸ਼ੀਆਂ ਹਨ ਉਹ ਮਿਹਰ ਦੇ ਰੂਪ ਵਿੱਚ ਹਨ ਅਤੇ ਇਸ ਲਈ ਹਨ ਕਿ ਉਹਨਾ ਨੂੰ ਲਾਭ ਪਹੁੰਚਾਉਣ ਲਈ ਵਰਤਿਆ ਜਾਏ ।

"ਅਤੇ ਰੱਬ ਨੇ ਤੁਹਾਨੂੰ ਤੁਹਾਡੀਆਂ ਮਾਵਾਂ ਦੇ ਗਰਭ ਵਿੱਚੋਂ ਇਸ ਹਾਲਤ ਵਿੱਚ ਪੈਦਾ ਕੀਤਾ ਹੈ ਕਿ ਤੁਸੀਂ ਕੁਝ ਵੀ ਨਹੀਂ ਜਾਣਦੇ ਸੀ ਅਤੇ ਉਸ ਨੇ ਤੁਹਾਡੇ ਲਈ ਅਖੱਾਂ ਤੇ ਦਿਲ ਪੈਦਾ ਕੀਤੇ ਤਾਂ ਜੋ ਤੁਸੀਂ ਸ਼ੁਕਰ ਅਦਾ ਕਰੋ ।"

**(ਸੂਰਤ ਨਹਲ 79)**

ਅਰਥਾਤ ਉਹਨਾਂ ਦੀ ਯਥਾਸ਼ਕਤੀ ਸਮੇਂ ਤੇ ਮੌਕੇ ਅਨੁਸਾਰ ਦੁਰੁਸਤ ਵਰਤੋਂ ਕੀਤੀ ਜਾਏ । ਇਸ ਅਵਸਥਾ ਵਿੱਚ ਉਹ ਪਰਵਾਨ ਚੜ੍ਹੇਗੀ ਅਤੇ ਵਧੇਗੀ । ਪਰ ਇਹਨਾ ਦੀ ਵਰਤੋਂ ਨ ਕਰਨਾ ਅਤੇ ਅਣਉਚਿਤ ਰੂਪ ਵਿੱਚ ਵਰਤੋਂ ਕਰਨਾ ਇਲਾਹੀ ਕ੍ਰੋਧ ਨੂੰ ਸਦੱਾ ਦੇਣ ਦੇ ਤੁੱਲ ਹੈ ।

ਕੁਝ ਧਾਰਮਕ ਫਿਰਕੇ ਗ਼ਲਤੀ ਨਾਲ ਸੰਨਿਆਸੀ ਜੀਵਨ ਨੂੰ ਪਰਿਵਾਰਕ ਜੀਵਨ ਦੇ ਟਾਕਰੇ'ਤੇ ਆਤਮਕ ਪੱਖੋਂ ਉਤੱਮ ਸਮਝਦੇ ਹਨ, ਜੱਦ ਕਿ ਇਸਲਾਮ

ਸੰਨਿਆਸੀ ਜੀਵਨ ਤੋਂ ਮੋੜਦਾ ਹੈ ਅਤੇ ਇਸਦਾ ਖੰਡਨ ਕਰਦਾ ਹੈ । ਕੁਰਆਨ ਮਜੀਦ ਫ਼ਰਮਾਉਂਦਾ ਹੈ :

"ਅਤੇ ਉਹਨਾ ਨੇ ਕੁਆਰੇ ਰਹਿਣ ਦਾ ਢੰਗ ਧਾਰਣ ਕੀਤਾ ਹੈ ਜਿਸਨੂੰ ਉਹਨਾ ਨੇ ਆਪ ਧਾਰਣ ਕੀਤਾ ਹੈ । ਅਸੀਂ ਉਹਨਾਂ'ਤੇ ਇਹ ਹੁਕਮ ਫ਼ਰਜ਼ ਨਹੀਂ ਕੀਤਾ ਸੀ । ਭਾਵੇਂ ਉਹਨਾ ਨੇ ਰੱਬ ਦੀ ਰਜ਼ਾ ਹਾਸਲ ਕਰਨ ਲਈ ਇਹ ਢੰਗ ਧਾਰਣ ਕੀਤਾ ਸੀ, ਪਰ ਇਸ ਦਾ ਪੂਰਾ ਧਿਆਨ ਨਹੀਂ ਰੱਖਿਆ ।"

(ਸੂਰਤ ਹਦੀਦ 28)

ਸੰਨਿਆਸ ਦਾ ਇਹ ਸਾਰਾ ਦ੍ਰਿਸ਼ਟੀਕੋਣ ਇਸ ਵਿਚਾਰ ਨਾਲ ਪੈਦਾ ਹੋਇਆ ਕਿ ਇਸਤਰੀ ਪੁਰਸ਼ ਦੀ ਤੁਲਨਾ ਵਿੱਚ ਨੀਵੀਂ ਮਖ਼ਲੂਕ ਹੈ ਅਤੇ ਉਸ ਨਾਲ ਸੰਬੰਧ ਰਖੱਣਾ ਅਪਮਾਨ ਤੇ ਆਚਰਣਕ ਪਤਨ ਦਾ ਸਬਬ ਹੈ । ਚਰਚ ਦੇ ਪਾਦਰੀਆਂ ਨੇ ਮਨੁੱਖ ਦੇ ਸਵਰਗ ਵਿੱਚੋਂ ਕੱਢੇ ਜਾਣ ਦਾ ਜ਼ਿੰਮੇਦਾਰ ਇਸਤਰੀ ਨੂੰ ਠਹਿਰਾਇਆ ਹੈ ਅਤੇ ਨਿਹਸ਼ਰੀਰ ਦੇ ਰੂਪ ਵਿੱਚ ਪੇਸ਼ ਕਰਕੇ ਸ਼ੈਤਾਨ ਦਾ ਸਾਧਨ ਦੱਸਿਆ ਹੈ । ਅਜਿਹੇ ਦ੍ਰਿਸ਼ਟੀਕੋਣ ਨੂੰ ਇਸਲਾਮ ਨੇ ਰੱਦ ਕੀਤਾ ਹੈ ਤੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਆਤਮਕ ਅਸਥਾਨ ਤੱਕ ਪਹੁੰਚਾਇਆ ਹੈ । ਇਸਲਾਮ ਨੇ ਪੁਰਸ਼ ਤੇ ਇਸਤਰੀ ਦੋਹਾਂ ਨੂੰ ਇਕ ਦੂਜੇ ਲਈ ਪੂਰਕ ਤੇ ਆਪਸੀ ਸੰਪੂਰਨਤਾ ਦਾ ਸਾਧਨ ਕਰਾਰ ਦਿੱਤਾ ਹੈ । ਉਧਾਰਣ ਲਈ ਕੁਰਆਨ ਕਹਿੰਦਾ ਹੈ :

"ਉਹ ਤੁਹਾਡੇ ਲਈ ਇਕ (ਪ੍ਰਕਾਰ) ਦਾ ਵਸਤਰ ਹੈ । ਤੁਸੀਂ ਉਹਨਾ ਲਈ ਇਕ (ਪ੍ਰਕਾਰ) ਦਾ ਵਸਤਰ ਹੋ ।"

(ਸੂਰਤ ਬਕਰਹ 188)

# ਆਤਮਕ ਇਕਸਾਰਤਾ

ਕੁਰਆਨ ਮਜੀਦ ਇਸ ਗੱਲ'ਤੇ ਵਾਰ ਵਾਰ ਜ਼ੋਰ ਦਿੰਦਾ ਹੈ ਕਿ ਇਸਤਰੀ ਨੂੰ ਪੁਰਸ਼ ਨਾਲ ਆਤਮਕਤਾ ਵਿੱਚ ਬਰਾਬਰੀ ਹਾਸਲ ਹੈ । ਜਿਵੇਂ ਕਿ ਉਹ ਕਹਿੰਦਾ ਹੈ :

"ਨਿਸਚੇ ਹੀ ਕਾਮਲ ਮੁਸਲਮਾਨ ਪੁਰੁਸ਼ ਤੇ ਕਾਮਲ ਮੁਸਲਮਾਨ ਇਸਤਰੀਆਂ ਅਤੇ ਕਾਮਲ ਮੋਮਿਨ ਪੁਰੁਸ਼ ਅਤੇ ਕਾਮਲ ਮੋਮਿਨ ਇਸਤਰੀਆਂ, ਕਾਮਲ ਅਗਿਆਕਾਰੀ ਪੁਰੁਸ਼ ਅਤੇ ਕਾਮਲ ਅਗਿਆਕਾਰੀ ਇਸਤਰੀਆਂ ਅਤੇ ਕਾਮਲ ਸੱਚੇ ਪੁਰੁਸ਼ ਤੇ ਕਾਮਲ ਸੱਚੀਆਂ ਇਸਤਰੀਆਂ ਕਾਮਲ ਸਬਰ ਕਰਨ ਵਾਲੇ ਪੁਰੁਸ਼ ਤੇ ਕਾਮਲ ਸਬਰ ਕਰਨ ਵਾਲੀਆਂ ਇਸਤਰੀਆਂ ਕਾਮਲ ਨਿਮਾਣੇ ਪੁਰੁਸ਼ ਤੇ ਪੂਰਨ ਨਿਮਾਣੀਆਂ ਇਸਤਰੀਆਂ ਕਾਮਲ ਦਾਨੀ ਪੁਰੁਸ਼ ਤੇ ਕਾਮਲ ਦਾਨੀ ਇਸਤਰੀਆਂ ਕਾਮਲ ਰੋਜ਼ਾ ਰਖੱਣ ਵਾਲੇ ਪੁਰੁਸ਼ ਤੇ ਕਾਮਲ ਰੋਜ਼ਾ ਰਖੱਣ ਵਾਲੀਆਂ ਇਸਤਰੀਆਂ ਅਤੇ ਪੂਰਨਤਾ ਆਪਣੇ ਗੁਪਤਾਂਗਾਂ ਦੀ ਸੁਰੱਖਿਆ ਕਰਨ ਵਾਲੇ ਪੁਰੁਸ਼ ਤੇ ਪੂਰਨਤਾ ਆਪਣੇ ਗੁਪਤਾਂਗਾਂ ਦੀ ਸੁਰੱਖਿਆ ਕਰਨ ਵਾਲੀ ਇਸਤਰੀਆਂ ਅਤੇ ਰੱਬ ਦਾ ਬਹੁਤ ਸਿਮਰਣ ਕਰਨ ਵਾਲੇ ਪੁਰੁਸ਼ ਤੇ ਰੱਬ ਦਾ ਬਹੁਤ ਸਿਮਰਣ ਕਰਨ ਵਾਲੀਆਂ ਇਸਤਰੀਆਂ । ਇਹਨਾ ਸਾਰਿਆਂ ਲਈ ਰੱਬ ਨੇ ਵੱਡੀ ਬਖ਼ਸ਼ਿਸ਼ ਦਾ ਸਮਾਨ ਤੇ ਬਹੁਤ ਵਡੱਾ ਪੁਰਸਕਾਰ ਤਿਆਰ ਕਰ ਰੱਖਿਆ ਹੈ ।"

**(ਸੂਰਤ ਅਹਜ਼ਾਬ 36)**

ਪੁਰੁਸ਼ ਤੇ ਇਸਤਰੀ ਦੋਹਾਂ ਦੀ ਬਰਾਬਰ ਸੁਰੱਖਿਆ ਕੀਤੀ ਗਈ ਹੈ । ਜਿਵੇਂ ਕਿ ਕਹਿੰਦਾ ਹੈ :

"ਅਤੇ ਮੋਮਿਨ ਪੁਰੁਸ਼ਾਂ ਅਤੇ ਮੋਮਿਨ ਇਸਤਰੀਆਂ ਉਪੱਰ ਮਿਹਰ ਕੀਤੀ ਗਈ । ਅਲੱਾਹ ਹੀ ਹੈ ਬਹੁਤ ਬਖ਼ਸ਼ਣ ਵਾਲਾ ਤੇ ਵਾਰ ਵਾਰ ਰਹਿਮ ਕਰਨ ਵਾਲਾ ।"

**(ਸੂਰਤ ਅਹਜ਼ਾਬ 74)**

ਹੁਦੈਬੀਆ ਸਮੇਂ ਪ੍ਰਕਟ ਹੋਣ ਵਾਲੇ ਹਾਲਾਤਾਂ ਬਾਰੇ ਕੁਰਆਨ ਕਰੀਮ ਦਾ ਬਿਆਨ ਇਹ ਹੈ :

"ਉਹ ਲੋਕ ਜੋ ਕਿ ਮੋਮਿਨ ਪੁਰੁਸ਼ਾਂ ਤੇ ਮੋਮਿਨ ਇਸਤਰੀਆਂ ਨੂੰ ਬਿਨਾ ਕਿਸੇ ਕੁਸੂਰ ਦੇ ਉਹਨਾ ਨੂੰ ਕਸ਼ਟ ਦਿੰਦੇ ਹਨ । ਉਹਨਾ ਲੋਕਾਂ ਨੇ ਖ਼ਤਰਨਾਕ ਝੂਠ ਅਤੇ ਖੁੱਲੇ ਖੁੱਲੇ ਪਾਪ ਦਾ ਭਾਰ ਆਪਣੇ ਉਪੱਰ ਚੁੱਕਿਆ ਹੋਇਆ ਹੈ ।"

**(ਸੂਰਤ ਅਹਜ਼ਾਬ 59)**

"ਉਹ ਲੋਕ ਜਿੰਨ੍ਹਾ ਨੇ ਮੋਮਿਨ ਪੁਰੁਸ਼ਾਂ ਤੇ ਮੋਮਿਨ ਇਸਤਰੀਆਂ ਨੂੰ ਕਸ਼ਟਾਂ ਵਿੱਚ ਗ੍ਰਿਸਿਆ ਹੋਇਆ ਹੈ ਫਿਰ ਆਪਣੇ ਕਰਮਾਂ ਤੋਂ ਤੌਬਾ (ਪਸਚਾਤਾਪ) ਵੀ ਨਹੀਂ ਕੀਤੀ, ਉਹਨਾ ਨੂੰ ਨਿਸ਼ਚੇ ਹੀ ਨਰਕ ਦਾ ਅਜ਼ਾਬ ਮਿਲੇਗਾ ਅਤੇ ਉਹਨਾ ਨੂੰ ਸਾੜ ਦੇਣ ਵਾਲਾ ਅਜ਼ਾਬ ਮਿਲੇਗਾ ।"

(ਸੂਰਤ ਬੁਰੂਜ 11)

ਕਿਉਂਕਿ ਇਸਤਰੀ ਨੂੰ ਪੁਰੁਸ਼ ਦੀ ਤੁਲਨਾ ਵਿੱਚ ਬਹੁਤੇ ਖਤਰੇ ਹਨ ਇਸ ਲਈ ਇਹਨਾ ਨੂੰ ਵਿਸ਼ੇਸ਼ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ ।

"ਉਹ ਲੋਕ ਜੋ ਸਤਿਵਤੀ ਇਸਤਰੀਆਂ ਉਪੱਰ ਆਰੋਪ ਲਾਉਂਦੇ ਹਨ । ਜੋ ਦੁਸ਼ਟਾਂ ਦੀ ਬੁਰਾਈ ਤੋਂ ਗ਼ਾਫ਼ਲ ਹਨ ਅਤੇ ਇਮਾਨਦਾਰ ਹਨ, ਉਹਨਾ'ਤੇ ਦੁਨੀਆ ਤੇ ਆਖ਼ਰਤ ਵਿੱਚ ਲਾਨ੍ਹਤ ਕੀਤੀ ਜਾਏਗੀ ਅਤੇ ਉਹਨਾ ਲਈ ਕਰੜਾ ਅਜ਼ਾਬ ਹੋਵੇਗਾ । ਉਸ ਦਿਨ ਜੱਦ ਕਿ ਉਹਨਾ ਦੇ ਮੂੰਹ ਵੀ ਅਤੇ ਉਹਨਾ ਦੇ ਹੱਥ ਵੀ ਅਤੇ ਉਹਨਾ ਦੇ ਪੈਰ੍ਹ ਵੀ ਉਹਨਾ ਦੇ ਕਰਮਾ ਬਾਰੇ ਜੋ ਉਹ ਕਰਦੇ ਸਨ ਉਹਨਾ ਦੇ ਵਿਰੁਧ ਗਵਾਹੀ ਦੇਣਗੇ ।"

(ਸੂਰਤ ਨੂਰ 24-25)

ਪੁਰੁਸ਼ ਤੇ ਇਸਤਰੀ ਦੋਹਾਂ ਨੂੰ ਆਖ਼ਰਤ ਵਿੱਚ ਬਰਾਬਰ ਪ੍ਰਤੀਫਲ ਦਿਤੱਾ ਜਾਏਗਾ ।

"ਉਹ ਲੋਕ ਭਾਵੇਂ ਪੁਰੁਸ਼ ਹੋਣ ਜਾਂ ਇਸਤਰੀ ਮੋਮਿਨ ਹੋਣ ਦੀ ਅਵਸਥਾ ਵਿੱਚ ਨੇਕ ਕਰਮ ਕਰਨਗੇ ਤਾਂ ਉਹ ਸਵਰਗ ਵਿੱਚ ਦਾਖ਼ਲ ਹੋਣਗੇ । ਅਤੇ ਉਹਨਾਂ'ਤੇ ਖਜੂਰ ਦੀ ਗੁਠਲੀ ਦੀ ਲੀਕ ਬਰਾਬਰ ਵੀ ਜ਼ੁਲਮ ਨਹੀਂ ਕੀਤਾ ਜਾਏਗਾ ।"

(ਸੂਰਤ ਨਿਸਾ 125)

"ਜੋ ਕੋਈ ਮੋਮਿਨ ਹੋਣ ਦੀ ਹਾਲਤ ਵਿੱਚ ਨੇਕ ਤੇ ਉਚਿਤ ਕਰਮ ਕਰੇਗਾ ਪੁਰੁਸ਼ ਹੋਵੇ ਜਾਂ ਇਸਤਰੀ ਅਸੀਂ ਉਸਨੂੰ ਨਿਸ਼ਚੇ ਪਵਿੱਤਰ ਜੀਵਨ ਪ੍ਰਦਾਨ ਕਰਾਂਗੇ ਅਤੇ ਅਸੀਂ ਉਹਨਾਂ ਨੂੰ ਉਹਨਾ ਦੇ ਚੰਗੇ ਕਰਮਾ ਅਨੁਸਾਰ ਪ੍ਰਤੀਫਲ ਦਿਆਂਗੇ ।"

(ਸੂਰਤ ਨਹਲ 98)

"ਅਤੇ ਜੋ ਕੋਈ ਇਮਾਨ ਅਨੁਸਾਰ ਅਮਲ ਕਰੇਗਾ ਭਾਵੇਂ ਉਹ ਪੁਰੁਸ਼ ਹੋਵੇ ਜਾਂ ਇਸਤਰੀ ਬਸ਼ਰਤੇ ਕਿ ਉਹ ਇਮਾਨ ਵਿੱਚ ਸਚੱਾ ਹੋਵੇ ਉਹ ਅਤੇ ਉਸਦੇ ਸਾਥੀ ਲੋਕ ਸਵਰਗ ਵਿੱਚ ਦਾਖ਼ਲ ਹੋਣਗੇ ਅਤੇ ਉਹਨਾ ਨੂੰ ਇਸ ਵਿੱਚ ਬਿਨਾ ਹਿਸਾਬ ਕੀਤਿਆਂ ਪੁਰੁਸਕਾਰ ਦਿਤੱਾ ਜਾਏਗਾ ।"

(ਸੂਰਤ ਮੋਮਿਨ 41)

"ਅਤੇ ਮੋਮਿਨ ਪੁਰਸ਼ ਤੇ ਮੋਮਿਨ ਇਸਤਰੀਆਂ ਆਪੋ ਵਿੱਚ ਇਕ ਦੂਜੇ ਦੇ ਮਿਤੱਰ ਹਨ । ਉਹ ਨੇਕ ਗਲੱਾਂ ਦਾ ਹੁਕੁਮ ਦਿੰਦੇ ਹਨ ਅਤੇ ਬੁਰੀਆਂ ਗਲੱਾਂ ਤੋਂ ਰੋਕਦੇ ਹਨ ਅਤੇ ਨਮਾਜ਼ ਕਾਇਮ ਕਰਦੇ ਹਨ ਅਤੇ ਜ਼ਕਾਤ ਦਿੰਦੇ ਹਨ । ਅਤੇ ਅਲੱਾਹ ਅਤੇ ਉਸਦੇ ਰਸੂਲ ਦੀ ਅਗਿਆਕਾਰੀ ਕਰਦੇ ਹਨ । ਇਹ ਅਜਿਹੇ ਲੋਕ ਹਨ ਕਿ ਰੱਬ ਇਹਨਾ'ਤੇ ਜ਼ਰੂਰ ਰਹਿਮ ਕਰੇਗਾ । ਅਲੱਾਹ ਸਫ਼ਲ ਤੇ ਬਹੁਤ ਹਿਕਮਤ ਵਾਲਾ ਹੈ । ਅਲੱਾਹ ਨੇ ਮੋਮਿਨ ਪੁਰੁਸ਼ਾਂ ਅਤੇ ਮੋਮਿਨ ਇਸਤਰੀਆਂ ਨਾਲ ਅਜਿਹੇ ਸਵਰਗਾਂ ਦੇ ਵਾਦੇ ਕੀਤੇ ਹਨ ਜਿੰਨ੍ਹਾ ਹੇਠ ਨਹਿਰਾਂ ਵਗਦੀਆਂ ਹੋਣ ਅਤੇ ਉਹ ਉਸ ਵਿੱਚ ਹਮੇਸ਼ਾ ਰਹਿਣਗੇ ਅਤੇ ਹਮੇਸ਼ਾ ਰਹਿਣ ਵਾਲੇ ਸਵਰਗਾਂ ਵਿੱਚ ਪਵਿਤੱਰ ਘਰਾਂ ਦਾ ਵੀ ਵਾਦਾ ਹੈ ਅਤੇ ਇਹਨਾ ਤੋਂ ਬਿਨਾ ਰੱਬ ਦੀ ਰਜ਼ਾ ਸਭ ਤੋਂ ਵਡੱਾ ਪੁਰੁਸਕਾਰ ਹੈ (ਜੋ ਉਨ੍ਹਾਂ ਨੂੰ ਮਿਲੇਗਾ) ਅਤੇ ਇਸਦਾ ਮਿਲਣਾ (ਬਹੁਤ) ਵੱਡੀ ਸਫ਼ਲਤਾ ਹੈ ।"

(ਸੂਰਤ ਤੌਬਾ 71–72)

"(ਮੋਮਨਾ ਦਾ ਇਮਾਨ ਵਧਾਉਂਣਾ) ਇਸ ਲਈ ਹੋਵੇਗਾ ਤਾਂ ਜੋ ਉਹ (ਅਲੱਾਹ) ਮੋਮਨਾ ਪੁਰੁਸ਼ਾਂ ਤੇ ਇਸਤਰੀਆਂ ਨੂੰ ਅਜਿਹੇ ਸਵਰਗਾਂ ਵਿੱਚ ਦਾਖ਼ਲ ਕਰੇ ਜਿੰਨ੍ਹਾ ਹੇਠ ਨਹਿਰਾਂ ਵਗਦੀਆਂ ਹੋਣ ਉਹ ਉਹਨਾ ਵਿੱਚ ਸਦਾ ਹੀ ਰਹਿੰਦੇ ਚਲੇ ਜਾਣਗੇ ਅਤੇ ਤਾਂ ਜੋ (ਅਲੱਾਹ) ਉਹਨਾ ਦੇ ਪਾਪ ਮਿਟਾ ਦੇਵੇ ਅਤੇ ਰੱਬ ਨੇੜੇ ਬਹੁਤ ਵੱਡੀ ਸਫ਼ਲਤਾ ਹੈ ।"

(ਸੂਰਤ ਫ਼ਤਹ 6)

"ਸੋ, ਉਹਨਾ ਦੇ ਰੱਬ ਨੇ (ਇਹ ਕਹਿੰਦਿਆਂ ਹੋਇਆਂ) ਉਹਨਾ ਦੀ (ਦੁਆ) ਸੁਣ ਲਈ ਕਿ ਮੈਂ ਤੁਹਾਡੇ ਵਿੱਚੋਂ ਕਿਸੇ ਦੇ ਅਮਲ ਕਰਨ ਵਾਲੇ ਪੁਰਸ਼ ਜਾਂ ਇਸਤਰੀ ਦੇ ਕਰਮਾ ਨੂੰ ਨਸ਼ਟ ਨਹੀਂ ਕਰਾਂਗਾ । ਤੁਸੀਂ ਇਕ ਦੂਜੇ ਨਾਲ ਸੰਬੰਧ ਰਖੱਣ ਵਾਲੇ ਹੋ ।"

(ਸੂਰਤ ਆਲੇ ਇਮਰਾਨ–196)

"ਹੇ ਮੇਰੇ ਬੰਦਿਓ ! ਅੱਜ ਤੁਹਾਨੂੰ ਕਿਸੇ ਖ਼ੌਫ਼ ਦਾ ਸਾਹਮਣਾ ਨਹੀਂ ਹੈ ਅਤੇ ਨ ਹੀ ਕਿਸੇ ਪਿਛੱਲੀ ਗ਼ਲਤੀ ਦੇ ਦੁੱਖ ਵਿੱਚ ਤੁਸੀਂ ਗ੍ਰਿੱਸੇ ਹੋ ਸਕਦੇ ਹੋ । ਤੁਸੀਂ ਅਤੇ ਤੁਹਾਡੇ ਸਾਥੀ ਵੀ ਖ਼ੁਸ਼ੀਆਂ ਮਨਾਉਂਦਿਆਂ ਹੋਇਆਂ ਸਵਰਗ ਵਿੱਚ ਦਾਖ਼ਲ ਹੋ ਜਾਓ ।"

(ਸੂਰਤ ਜ਼ੁਖ਼ਰੁਫ਼ 69 ਤੋਂ 71 )

"ਸਵਰਗਵਾਸੀ ਲੋਕ ਉਸ ਦਿਨ ਇਕ ਵਿਸ਼ੇਸ਼ ਕੰਮ (ਅਰਥਾਤ ਜ਼ਿਕਰੇ ਇਲਾਹੀ) ਵਿੱਚ ਲੀਨ ਹੋਣਗੇ ਅਤੇ (ਆਪਣੇ ਹਾਲਾਤ ਨੂੰ ਦੇਖਕੇ) ਖ਼ੁਸ਼ੀ ਨਾਲ ਹੱਸ ਰਹੇ ਹੋਣਗੇ । ਉਹ ਵੀ ਅਤੇ ਉਸ ਦੇ ਸਾਥੀ ਵੀ ਸਰਾਹਣੇ ਲਾਈ ਬੈਠੇ ਹੋਣਗੇ (ਅਤੇ ਰੱਬ ਦੀ ਰਹਿਮਤ) ਦੀ ਛਾਂ ਹੇਠ (ਹੋਣਗੇ) । ਉਹਨਾ ਲਈ ਸਵਰਗਾਂ ਵਿੱਚ ਮੇਵੇ ਉਪਲਭਧ ਕੀਤੇ ਜਾਣਗੇ ਅਤੇ ਜੋ ਕੁਝ ਉਹ ਤਲਬ ਕਰਨਗੇ ਉਹਨਾ ਨੂੰ ਦਿਤੱਾ ਜਾਏਗਾ ।"

(ਸੂਰਤ ਯਾਸੀਨ : 56 ਤੋਂ 58)

"ਜਿਸ ਦਿਨ ਤੂੰ ਮੋਮਿਨ ਪੁਰਸ਼ਾਂ ਅਤੇ ਮੋਮਿਨ ਇਸਤਰੀਆਂ ਨੂੰ ਦੇਖੇਂਗਾ ਕਿ ਉਹਨਾ ਦਾ ਨੂਰ ਉਹਨਾ ਦੇ ਸਾਹਮਣੇ ਵੀ ਅਤੇ ਉਹਨਾਂ ਦੇ ਸੱਜੇ ਵੀ ਦੌੜਦਾ ਜਾਏਗਾ (ਰੱਬ ਤੇ ਉਸਦੇ ਫ਼ਰਿਸ਼ਤੇ ਕਹਿਣਗੇ) ਅੱਜ ਤੁਹਾਨੂੰ ਭਿੰਨ ਭਿੰਨ ਪ੍ਰਕਾਰ ਦੇ ਬਾਗਾਂ ਦੀ ਖ਼ੁਸ਼ਖਬਰੀ ਦਿੱਤੀ ਜਾਂਦੀ ਹੈ (ਅਜਿਹੇ ਬਾਗ਼) ਜਿੰਨ੍ਹਾ ਹੇਠ ਨਹਿਰਾਂ ਵਗਦੀਆਂ ਹੋਣਗੀਆਂ । ਇਹ (ਖ਼ੁਸ਼ਖ਼ਬਰੀਆਂ ਪਾਉਣ ਵਾਲੇ) ਲੋਕ ਉਹਨਾਂ ਸਵਰਗਾਂ ਵਿੱਚ ਰਹਿੰਦੇ ਚਲੇ ਜਾਣਗੇ ਅਤੇ ਇਹ ਬਹੁਤ ਵੱਡੀ ਸਫ਼ਲਤਾ ਹੈ ।"

(ਸੂਰਤ ਹਦੀਦ : 13)

"ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਇਹ ਤਕੀਦ ਕੀਤੀ ਗਈ ਹੈ ਕਿ ਉਹ ਮੋਮਿਨ ਇਸਤਰੀਆਂ ਅਤੇ ਮੋਮਿਨ ਪੁਰਸ਼ਾਂ ਲਈ ਬਖ਼ਸ਼ਿਸ਼ ਮੰਗਣ ।"

(ਸੂਰਤ ਮੁਹਮੱਦ : 20)

## ਪੁਰਸ਼ ਤੇ ਇਸਤਰੀਆਂ ਦੀਆਂ ਅੱਡ ਅੱਡ ਸੀਮਾਵਾਂ

ਇਲਾਹੀ ਵਿਵਸਥਾ ਦੇ ਹਰ ਪੱਖ ਵਿੱਚ ਦਾਨਾਈ ਹੁੰਦੀ ਹੈ । ਨਿਰਸੰਦੇਹ ਪੁਰਸ਼ ਤੇ ਇਸਤਰੀ ਆਤਮਕਤਾ ਵਿੱਚ ਬਰਾਬਰ ਦੇ ਭਾਗੀਦਾਰ ਹਨ ਅਤੇ ਇਲਾਹੀ ਪੁਰਸਕਾਰ ਤੇ ਸਨਮਾਨ ਪ੍ਰਾਪਤੀ ਵਿੱਚ ਵੀ ਬਰਾਬਰ ਦੇ ਭਾਗੀਦਾਰ ਹਨ, ਪਰੰਤੂ ਅਮਲ ਕਰਨ ਦੀਆਂ ਸੀਮਾਵਾਂ ਅੱਡ ਹਨ । ਇਸੇ ਸਬਬ ਕਰਕੇ ਉਹਨਾ ਦੀ ਯੋਗਤਾ ਤੇ ਸਮਰਥਾ ਵਿੱਚ ਅੰਤਰ ਪਾਇਆ ਜਾਂਦਾ ਹੈ । ਇਸ ਬਾਰੇ ਕੁਰਆਨ ਮਜੀਦ ਫ਼ਰਮਾਉਦਾ ਹੈ :

"ਸਾਡਾ ਰੱਬ ਉਹ ਹੈ ਜਿਸ ਨੇ ਹਰ ਚੀਜ਼ ਨੂੰ (ਉਸ ਦੀ ਲੋੜ ਅਨੁਸਾਰ) ਅੰਗ ਪ੍ਰਦਾਨ ਕੀਤੇ ਹਨ ਅਤੇ ਫਿਰ ਇਹਨਾ (ਅੰਗਾਂ) ਨਾਲ ਕੰਮ ਲੈਣ ਦਾ ਢੰਗ ਸਿਖਾਇਆ ਹੈ ।"

(ਸੂਰਤ ਤਾਹਾ : 51)

"ਰੱਬ ਦੇ (ਪੈਦਾ ਕੀਤੇ ਹੋਏ) ਸੁਭਾਉ ਨੂੰ ਧਾਰਨ ਕਰੋ (ਉਹ ਸੁਭਾਉ) ਜਿਸ'ਤੇ ਰੱਬ ਨੇ ਲੋਕਾਂ ਨੂੰ ਪੈਦਾ ਕੀਤਾ ਹੈ । ਰੱਬ ਦੀ ਪੈਦਾਇਸ਼ ਵਿੱਚ ਕੋਈ ਤਬਦੀਲੀ ਨਹੀਂ ਹੋ ਸਕਦੀ ।"

(ਸੂਰਤ ਰੂਮ : 31)

ਪੁਰਸ਼ ਨੂੰ ਇਸਤਰੀ ਅਤੇ ਇਸਤਰੀ ਨੂੰ ਪੁਰਸ਼ ਬਨਾਉਣ ਦੇ ਸਾਰੇ ਜਤਨ ਭਿਆਨਕ ਹਨ ਅਤੇ ਵਿਅਰਥ ਹਨ, ਪੁਰਸ਼ ਤੇ ਇਸਤਰੀ ਦੀਆ ਅੱਡ ਅੱਡ ਸੀਮਾਵਾਂ ਹਨ, ਜਿਸ ਨੂੰ ਉਚਿਤ ਰੂਪ ਵਿੱਚ ਪੂਰਾ ਕਰਨਾ ਜੀਵਨ ਨੂੰ ਸੁੰਦਰ, ਸਰਲ, ਸਨਮਾਨ ਯੋਗ ਤੇ ਸੰਪੂਰਨ ਬਣਾਉਂਦਾ ਹੈ ।

ਪੁਰੁਸ਼ ਤੇ ਇਸਤਰੀ ਨੂੰ ਦਿੱਤੀਆਂ ਗਈਆਂ ਵੱਖ ਵੱਖ ਯੋਗਤਾਵਾਂ ਉਪੱਰ ਨਜ਼ਰ ਮਾਰਿਆਂ ਇਹ ਗੱਲ ਪ੍ਰਕਟ ਤੇ ਸਪਸ਼ਟ ਹੈ ਕਿ ਸੁਭਾਉ ਨੇ ਉਹਨਾ ਦੇ ਅਮਲ ਦੀਆਂ ਸੀਮਾਵਾਂ ਵੀ ਅੱਡ ਰੱਖੀਆਂ ਹਨ । ਉਧਾਰਣ ਲਈ ਇਸਤਰੀ ਵਿੱਚ ਗਰਭ ਧਾਰਨ ਕਰਨ ਦੀ ਯੋਗਤਾ ਹੈ ਜੱਦਕਿ ਪੁਰੁਸ਼ ਵਿੱਚ ਇਹ ਯੋਗਤਾ ਨਹੀਂ । ਇਸੇ ਪ੍ਰਕਾਰ ਪੁਰੁਸ਼ ਆਪਣੀਆਂ ਯੋਗਤਾਵਾਂ ਕਰਕੇ ਰਣਖੇਤਰ ਲਈ ਬਹੁਤਾ ਉਚਿਤ ਹੈ ਹਾਲਾਂਕਿ ਇਸਤਰੀ ਨੂੰ ਫ਼ੌਜ ਦੀ ਕਮਾਂਡ ਤੇ ਜ਼ਿੱਮੇਦਾਰੀ ਸੌਂਪ ਦੇਣਾ ਸੰਭਵਤਾ ਹਲਾਕਤ ਮੁੱਲ ਲੈਂਣਾ ਹੈ । ਇਹ ਕੋਈ ਉਤੱਮਤਾ ਜਾਂ ਘਟੀਆਪਨ ਦਾ ਸਵਾਲ ਨਹੀਂ । ਇਹ ਸੁਭਾਵਕ ਬਲ ਅਤੇ ਉਸਦੀ ਵਰਤੋਂ ਦਾ ਸਵਾਲ ਹੈ ।

ਗਰਭ ਧਾਰਨ ਦੇ ਅਸਲ ਕਿਰਦਾਰ ਦੀ ਅਦਾਇਗੀ ਵਿੱਚ ਇਸਤਰੀ ਉਪੱਰ ਕੁਝ ਰੋਕਾਂ ਲਾਗੂ ਹੁੰਦੀਆਂ ਹਨ ਜਿੰਨ੍ਹਾ ਤੋਂ ਪੁਰੁਸ਼ ਅਜ਼ਾਦ ਹਨ । ਪਰੰਤੂ ਮਾਂ ਰੂਪੀ ਤਾਜ ਦਾ ਮਹਾਨਤਮ ਸਨਮਾਨ ਕੇਵਲ ਇਸਤਰੀ ਲਈ ਵਿਸ਼ੇਸ਼ ਹੈ । ਪੁਰੁਸ਼ ਇਸਦੀ ਇਛੱਾ ਨਹੀਂ ਕਰ ਸਕਦਾ । ਬੱਚੇ ਦੇ ਅਰੰਭਕ ਵਰ੍ਹਿਆਂ ਵਿੱਚ ਉਸਨੂੰ ਪਾਲਣ ਪੋਸਣ ਦੀ ਬੁਨਿਆਦੀ ਜ਼ਿੱਮੇਦਾਰੀ ਮਾਂ ਦੀ ਹੈ । ਇਸ ਪੜਾਅ ਵਿੱਚ ਬਾਪ ਦਾ ਕਿਰਦਾਰ ਮਾਂ ਦੀ ਤੁਲਨਾ ਵਿੱਚ ਪੂਰਕ ਦੇ ਰੂਪ ਵਿੱਚ ਹੋ ਜਾਂਦਾ ਹੈ । ਇਸ ਸਮੇਂ ਖ਼ੁਰਾਕ ਤੇ ਸੁਕੂਨ ਪ੍ਰਾਪਤੀ ਲਈ ਬੱਚਾ ਸੁਭਾਵਕ ਹੀ ਬਾਪ ਤੋਂ ਵੱਧ ਮਾਂ ਵੱਲ ਆਕਰਸ਼ਿਤ ਹੁੰਦਾ ਹੈ । ਮਾਂ ਬੱਚੇ ਨੂੰ ਡਾਂਟਦੀ ਜਾਂ ਉਸਦਾ ਸੁਧਾਰ ਕਰਦੀ ਹੈ ਤਾਂ ਉਹ ਮਾਂ ਤੋਂ ਨਾਖ਼ੁਸ਼ ਨਹੀਂ ਹੁੰਦਾ, ਜੱਦ ਕਿ ਬਾਪ ਵੱਲੋਂ ਸਜ਼ਾ ਦਿੱਤੇ ਜਾਣ'ਤੇ ਨਾਖ਼ੁਸ਼ ਹੋ ਜਾਂਦਾ ਹੈ । ਫ਼ਿਤਰਤ (ਪ੍ਰਕ੍ਰਿਤੀ, ਸੁਭਾਉ) ਨੇ ਮਾਂ ਪੁਤੱਰ ਵਿੱਚ ਜੋ ਸੰਬੰਧ ਬਣਾਇਆ ਹੈ ਉਸ ਵਿੱਚ ਮਿਹਰ ਮੁਹਬੱਤ ਦਾ ਪੱਖ ਪਿਤਾ ਪੁਤੱਰ ਵਿਚਕਾਰ ਪੈਦਾ ਹੋਣ ਵਾਲੇ ਸੰਬੰਧ ਨਾਲੋਂ ਬਹੁਤਾ ਹੁੰਦਾ ਹੈ ।

ਇਸਤਰੀ ਨਾਜ਼ੁਕ (ਕੋਮਲ) ਹੈ ਅਤੇ ਸਹਾਰੇ ਤੇ ਸੁਰੱਖਿਆ ਲਈ ਉਸ ਨੂੰ ਪੁਰੁਸ਼ ਦੀ ਸ਼ਕਤੀ ਦੀ ਲੋੜ ਹੈ । ਇਕ ਇਸਤਰੀ ਨੂੰ ਆਪਣੇ ਇਰਾਦੇ ਦੇ ਵਿਪਰੀਤ ਮਜਬੂਰ ਕੀਤਾ ਜਾ ਸਕਦਾ ਹੈ ਪਰ ਪੁਰੁਸ਼ ਨੂੰ ਆਪਣੇ ਰੁਝਾਨ ਦੇ ਵਿਰੁਧ ਮਜਬੂਰ ਨਹੀਂ ਕੀਤਾ ਜਾ ਸਕਦਾ ।

ਪਤਨੀ ਤੇ ਮਾਂ ਹੋਣ ਦੇ ਨਾਤੇ ਇਸਤਰੀ ਦਾ ਸਾਧਾਰਣ ਮੁਢੱਲਾ ਕਰਮ ਖੇਤਰ ਘਰ ਹੈ । ਅਤੇ ਪਰਿਵਾਰ ਦਾ ਸੰਚਾਲਕ ਹੋਣ ਦੇ ਨਾਤੇ ਪੁਰੁਸ਼ ਦਾ ਮੁਢੱਲਾ ਕਰਮ ਖੇਤਰ ਘਰ ਤੋਂ ਬਾਹਰ ਹੈ । ਜੋ ਸਮਾਜਕ ਵਿਵਸਥਾ, ਦਾਨਾਈ ਤੇ ਮਿਹਰ ਉਪੱਰ ਅਧਾਰਤ ਹੈ ਉਹ ਇਹਨਾ ਦੋਹਾਂ ਵਿੱਚਕਾਰ ਨਿਆਏ ਤੇ ਸੰਤੁਲਨ ਰਖੱਦਾ ਹੈ ਅਤੇ ਇਹੋ ਇਸਲਾਮ ਦਾ ਦਾਵਾ ਹੈ ।

## ਨਿਕਾਹ

ਇਸਲਾਮ ਵਿੱਚ ਨਿਕਾਹ ਦਾ ਉਚੱਤਮ ਮੰਤਵ ਇਲਾਹੀ ਰਜ਼ਾ ਹੈ ਜੋ ਪਵਿਤੱਰਤਾ, ਮਨੋ ਕਾਮਨਾ ਦੀ ਪੂਰਤੀ ਅਤੇ ਕੋ-ਜਨਰੇਸ਼ਨ ਰਾਹੀਂ ਹਾਸਲ ਹੋਵੇ । ਉਧਾਰਣ ਲਈ ਹਕੀਕੀ ਮੋਮਿਨ ਦੇ ਜੋ ਗੁਣ ਦੱਸੇ ਗਏ ਹਨ ਕਿ ਉਹ ਨਮਾਜ਼ ਵਿੱਚ ਵਿਨਮ੍ਰਤਾ ਧਾਰਨ ਕਰਦਾ ਹੈ, ਵਿਅਰਥ ਗਲੱਾਂ ਤੋਂ ਪਰਹੇਜ਼ ਕਰਦਾ ਹੈ, ਜ਼ਕਾਤ ਦਿੰਦਾ ਹੈ ਅਤੇ ਅਹਿਦ ਤੇ ਪ੍ਰਣ ਪੂਰੇ ਕਰਦਾ ਹੈ । ਇਸਦੇ ਨਾਲ ਨਾਲ ਨਿਕਾਹ ਰਾਹੀਂ ਪਵਿਤੱਰਤਾ ਦੀ ਸੁਰੱਖਿਆ ਉਪੱਰ ਵੀ ਜ਼ੋਰ ਦਿਤੱਾ ਗਿਆ ਹੈ ।

"ਇਹੋ ਲੋਕ ਅਸਲ ਵਾਰਸ ਹਨ, ਜੋ ਫ਼ਿਰਦੌਸ (ਸਵਰਗ ਦਾ ਨਾਂ) ਦੇ ਵਾਰਸ ਹੋਣਗੇ । ਉਹ ਇਸ ਵਿੱਚ ਹਮੇਸ਼ਾ ਵਸਦੇ ਰਹਿਣਗੇ ।"

(ਸੂਰਤ ਅਲਮੋਮਿਨੂਨ : 11-12)

ਫਿਰ ਇਹ ਹੁਕਮ ਦਿੰਦਾ ਹੈ ਕਿ :

"ਅਤੇ ਆਪਣਿਆ ਵਿੱਚੋਂ ਵਿਧਵਾਵਾਂ ਹਨ ਅਤੇ ਜੋ ਆਪਣੇ ਗ਼ੁਲਾਮਾਂ ਜਾਂ ਲੌਂਡੀਆਂ ਵਿੱਚੋਂ ਨੇਕ ਹੋਣ ਉਹਨਾ ਦੇ ਵਿਆਹ ਕਰ ਦਿਆ ਕਰੋ ਅਤੇ ਜੇਕਰ ਉਹ ਗ਼ਰੀਬ ਹਨ ਤਾਂ ਰੱਬ ਆਪਣੀ ਮਿਹਰ ਨਾਲ ਉਹਨਾ ਨੂੰ ਧਨੀ ਕਰ ਦਵੇਗਾ ।"

(ਸੂਰਤ ਨੂਰ : 33)

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ : ਨਿਕਾਹ ਮੇਰੀ ਸੁਨੱਤ (ਮਰਿਆਦਾ) ਹੈ । ਜੋ ਕੋਈ ਮੇਰੀ ਸੁਨੱਤ ਤੋਂ ਮੂੰਹ ਮੋੜਦਾ ਹੈ ਉਹ ਸਾਡੇ ਵਿੱਚੋਂ ਨਹੀਂ । ਕਿੰਨ੍ਹਾ ਹੀ ਦੁਰਭਾਗ ਹੈ ਕਿ ਯੂਰੋਪ ਪਵਿਤੱਰਤਾ ਤੇ ਸਤਿਵਾਦੀ ਨੂੰ ਨੇਕੀ ਨਹੀਂ ਵਿਚਾਰਦਾ । ਨਿਸ਼ਚੇ ਹੀ ਇਹ ਉਹਨਾ ਦੀ ਖ਼ਾਮੀ ਬਣ ਗਈ ਹੈ ।

ਬਿਨਾ ਵਿਆਹ ਕੀਤਿਆਂ ਇਕੱਠੇ ਜੀਵਨ ਬਿਤਾਉਂਣਾ ਅਤੇ ਵਿਭਚਾਰ ਹੁਣ ਆਮ ਹੋ ਗਏ ਹਨ । ਜਿਨਸੀ ਅਸ਼ਲੀਲਤਾ ਅਤੇ ਕਾਮ ਵਾਸਨਾ ਨੂੰ ਭਾਵੇਂ ਉਹ ਨਿਕਾਹ ਦੇ ਅੰਦਰ ਹੋਵੇ ਜਾਂ ਬਾਹਰ ਜਿਨਸੀ ਯੌਨ ਸੰਬੰਧਾ ਦਾ ਅਸਲ ਉਦੇਸ਼ ਸਮਝਿਆ ਗਿਆ ਹੈ । ਇਸਤਰੀ ਦੀ ਸਿਥਿਤੀ ਇੱਥੋਂ ਤੱਕ ਡਿਗਾ ਦਿੱਤੀ ਗਈ ਹੈ ਕਿ ਹੁਣ ਉਹ ਕੇਵਲ ਹਵਸਪ੍ਰਸਤੀ (ਵਾਸਨਾ) ਦੇ ਇਕ ਸਾਧਨ ਤੋਂ ਬਿਨਾ ਕੁਝ ਵੀ ਨਹੀਂ ਸਮਝਿਆ ।

ਇਸਲਾਮੀ ਸਿੱਖਿਆ ਅਨੁਸਾਰ ਪਤੀ ਪਤਨੀ ਦਾ ਸੰਬੰਧ ਨੇਕ ਸੁਲੂਕੀ ਨਾਲ ਉਲੀਕਿਆ ਗਿਆ ਹੈ । ਕੁਰਆਨ ਮਜੀਦ ਕਹਿੰਦਾ ਹੈ :

“ਇਹਨਾ ਨਾਲ ਚੰਗਾ ਸੁਲੂਕ ਕਰੋ ਅਤੇ ਜੇਕਰ ਤੁਸੀਂ ਇਹਨਾ ਨੂੰ ਨਾਪਸੰਦ ਕਰੋ ਤਾਂ (ਚੇਤੇ ਰੱਖੋ ਕਿ ਇਹ) ਪੂਰਨਤਾ ਸੰਭਵ ਹੈ ਕਿ ਤੁਸੀਂ ਇਕ ਚੀਜ਼ ਨੂੰ ਨਾਪਸੰਦ ਕਰੋ ਅਤੇ ਰੱਬ ਉਸ ਵਿੱਚ ਅਨੇਕਾਂ ਚੰਗਿਆਈ ਦੇ (ਸਾਧਨ) ਪੈਦਾ ਕਰ ਦੇਵੇ ।”

(ਸੂਰਤ ਨਿਸਾ : 20)

ਵਿਵਾਹਕ ਸੰਬੰਧਾ ਦੀ ਪ੍ਰਕ੍ਰਿਤੀ ਦਾ ਨਿਰਣਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਇਸ ਨਿਰਦੇਸ਼ ਨਾਲ ਅਨੁਮਾਨ ਲਾਇਆ ਜਾ ਸਕਦਾ ਹੈ ਜਿਸ ਵਿੱਚ ਆਪ ਸਲਲੱਾਹੁ ਅਲੈਹਿ ਵਸਲਮ ਫ਼ਰਮਾਉਂਦੇ ਹਨ ਕਿ ਜੱਦ ਤੁਸੀਂ ਦੋਵੇਂ ਏਕਾਂਤ ਵਿੱਚ ਮਿਲੋ ਤਾਂ ਇਹ ਦੁਆ ਕਰੋ ਕਿ ਹੇ ਅਲੱਾਹ ! ਸਾਨੂੰ ਸ਼ੈਤਾਨ ਤੋਂ ਬਚਾ ਅਤੇ ਸਾਡੀ ਸੰਤਾਨ ਨੂੰ ਵੀ ਜੋ ਤੇਰੀ ਬਖ਼ਸ਼ਿਸ਼ ਹੈ ।

ਜਿਵੇਂ ਕਿ ਵਰਨਣ ਕੀਤਾ ਜਾ ਚੁਕਿਆ ਹੈ ਕਿ ਕੁਰਆਨ ਮਜੀਦ ਨੇ ਪਤੀ ਪਤਨੀ ਨੂੰ ਇਕ ਦੂਜੇ ਦਾ ਵਸਤਰ ਕਰਾਰ ਦਿਤੱਾ ਹੈ ਅਰਥਾਤ ਉਹ ਦੋਵੇਂ ਆਪੋ ਵਿੱਚ ਸੁਰੱਖਿਆ, ਸਨਮਾਨ, ਅਜ਼ਮਤ ਤੇ ਜ਼ੀਨਤ ਦਾ ਸਾਧਨ ਹਨ । ਇਸਲਾਮ ਵਿੱਚ ਵਿਵਾਹਕ ਜੀਵਨ ਦੇ ਇਹ ਸਾਰੇ ਕੰਮ ਆਚਰਣ ਤੇ ਰੂਹਾਨੀ ਸ਼ਊਰ ਦੇ ਅਜਿਹੇ ਉਤੱਮ ਅਸਥਾਨ’ਤੇ ਹਨ ਕਿ ਕੇਵਲ ਵਾਸਨਾ ਨੂੰ ਉੱਥੇ ਕੋਈ ਥਾਂ ਹੀ

ਨਹੀਂ । ਹੇਠ ਲਿਖੀ ਆਇਤ ਵਿੱਚ ਵਰਨਣ ਉਪਦੇਸ਼ ਤੇ ਨਸੀਹਤ ਵਿੱਚ ਇਹ ਗੱਲ ਖ਼ੂਬ ਸਪਸ਼ਟ ਹੈ :

"ਅਤੇ ਇਹ (ਲੋਕ) ਤੈਥੋਂ ਮਾਹਵਾਰੀ (ਮਾਸਕ ਰਿਤੂ ਦੇ ਦਿਨਾਂ ਵਿੱਚ ਇਸਤਰੀ ਕੋਲ ਜਾਣ) ਬਾਰੇ ਵੀ ਪ੍ਰਸ਼ਨ ਕਰਦੇ ਹਨ, ਤੂੰ ਕਹਿ ਦੇ (ਕਿ) ਉਹ ਇਕ ਕਸ਼ਟਦਾਇਕ (ਕੰਮ) ਹੈ ਇਸ ਲਈ ਤੁਸੀਂ ਇਸਤਰੀਆਂ ਨਾਲ ਮਾਹਵਾਰੀ (ਦੇ ਦਿਨਾਂ) ਵਿੱਚ ਅੱਡ ਰਿਹਾ ਕਰੋ ਅਤੇ ਜੱਦ ਤੱਕ ਉਹ ਪਾਕ ਨ ਹੋ ਜਾਣ ਉਹਨਾ ਕੋਲ ਨ ਜਾਓ । ਫਿਰ ਜੱਦ ਉਹ ਇਸ਼ਨਾਨ ਕਰਕੇ ਪਾਕ ਹੋ ਜਾਣ ਤਾਂ ਜਿਸ ਪਾਸਿਓਂ ਰੱਬ ਨੇ ਤੁਹਾਨੂੰ ਹੁਕਮ ਦਿਤੱਾ ਹੈ ਉਹਨਾਂ ਕੋਲ ਆਓ । ਅਲੱਾਹ ਉਹਨਾ ਨਾਲ ਜੋ ਉਸ ਵੱਲ ਵਾਰ ਵਾਰ ਧਿਆਨ ਕਰਦੇ ਹਨ ਨਿਸ਼ਚੇ ਹੀ ਪ੍ਰੇਮ ਕਰਦਾ ਹੈ ਅਤੇ (ਜ਼ਾਹਰੀ ਤੇ ਅੰਦਰੂਨੀ) ਸਫ਼ਾਈ ਰਖੱਣ ਵਾਲਿਆਂ ਨਾਲ ਪ੍ਰੇਮ ਕਰਦਾ ਹੈ । ਤੁਹਾਡੀਆਂ ਪਤਨੀਆਂ ਤੁਹਾਡੇ ਲਈ (ਇਕ ਪ੍ਰਕਾਰ) ਦੀਆਂ ਖੇਤੀਆਂ ਹਨ । ਇਸ ਲਈ ਜਿਵੇਂ ਚਾਹੋ ਆਪਣੀ ਖੇਤੀ ਕੋਲ ਆਓ ਅਤੇ ਆਪਣੇ ਲਈ (ਕੁਝ) ਅੱਗੇ ਭੇਜੋ । ਅਤੇ ਅਲੱਾਹ ਦਾ ਤਕਵਾ (ਸੰਜਮਤਾ) ਧਾਰਨ ਕਰੋ ਅਤੇ ਜਾਣ ਲਓ ਕਿ ਤੁਸੀਂ ਉਸਦੇ ਰੂਬਰੂ ਹੋਣ ਵਾਲੇ ਹੋ ਅਤੇ ਤੂੰ ਮੋਮਿਨਾ ਨੂੰ (ਇਸ ਦਿਨ ਬਾਰੇ) ਖ਼ੁਸ਼ਖ਼ਬਰੀ ਦੇ ।"

(ਸੂਰਤ ਬਕਰਹ : 223–224)

ਸੋ, ਹਰ ਉਹ ਸੂਲੂਕ ਜੋ ਕਿ ਪਤਨੀ ਦੇ ਅੰਗਾ ਤੇ ਗਰਭ ਹੋਣ ਦੀਆਂ ਸੰਭਾਵਨਾਵਾਂ ਨੂੰ ਨਕਾਰਾਤਮਕ ਤੌਰ'ਤੇ ਪ੍ਰਭਾਵਤ ਹੋ ਸਕਦਾ ਹੋਵੇ ਉਸ ਤੋਂ ਮਨਾ ਕੀਤਾ ਗਿਆ ਹੈ । ਪਵਿੱਤਰਤਾ ਤੇ ਸੰਜਮਤਾ ਨੂੰ ਹਮੇਸ਼ਾ ਸੰਮੁੱਖ ਰਖੱਣਾ ਚਾਹੀਦਾ ਹੈ ।

'ਹੇ ਸਾਡੇ ਰੱਬ ! ਸਾਨੂੰ ਸਾਡੀਆਂ ਪਤਨੀਆਂ ਵੱਲੋਂ ਅਤੇ ਸਾਡੀ ਸੰਤਾਨ ਵੱਲੋਂ ਅਖੱਾਂ ਦੀ ਠੰਡਕ ਪ੍ਰਦਾਨ ਕਰ ਅਤੇ ਸਾਨੂੰ ਸੰਜਮੀਆਂ ਦਾ ਇਮਾਮ (ਆਗੂ) ਬਣਾ।'

(ਸੂਰਤ ਅਲਫ਼ੁਰਕਾਨ– 75)

# ਪਤੀ ਪਤਨੀ ਦੇ ਕਰਤਵ

ਇਸਲਾਮੀ ਵਿਵਸਥਾ ਵਿੱਚ ਨਿਕਾਹ ਇਕ ਸਮਾਜਕ ਬੰਧਨ (ਮੁਆਇਦਹ, ਇਕਰਾਰਨਾਮਾ) ਹੈ ਜਿਸ ਵਿੱਚ ਆਪਸੀ ਜ਼ਿੰਮੇਦਾਰੀਆਂ ਦਾ ਇਕ ਸੰਪੂਰਨ ਢਾਂਚਾ ਮਜੂਦ ਹੈ ਇਸਦੇ ਸਵਾਸਥ ਲਈ ਦੋਹਾਂ ਪਾਸਿਆਂ ਦੀ ਰਜ਼ਾਮੰਦੀ ਦਾ ਪ੍ਰਗਟਾਵਾ ਸਾਧਾਰਣਤਾ ਐਲਾਨ ਰਾਹੀਂ ਕਰਨਾ ਚਾਹੀਦਾ ਹੈ । ਲੜਕੀ ਦੇ ਵਲੀ ਦੀ ਰਜ਼ਾਮੰਦੀ, ਜਿਸਦੀ ਜ਼ਿਮੇਦਾਰੀ ਹੈ ਕਿ ਦੁਲਹਨ ਦੇ ਹਕੱਾਂ ਦੀ ਸੁਰੱਖਿਆ ਕਰੇ ਅਤੇ ਹੱਕ ਮਹਿਰ ਦੀ ਨਿਯੁਕਤੀ ਜੋ ਕਿ ਪਤੀ ਨੇ ਪਤਨੀ ਨੂੰ ਆਪਣੀ ਆਮਦਨੀ ਅਨੁਸਾਰ ਦੇਣਾ ਹੁੰਦਾ ਹੈ, ਜ਼ਰੂਰੀ ਹੈ । ਇਹ ਵੀ ਚੇਤੇ ਰਹੇ ਕਿ ਇਸ ਮਹਿਰ ਦਾ ਲੜਕੀ ਦੇ ਮਾਂਪਿਆਂ ਵੱਲੋਂ ਦਿੱਤੇ ਜਹੇਜ਼ ਨਾਲ ਗ਼ਲਤੀ ਨ ਲੱਗੇ ।

## ਨਿਕਾਹ ਦੀ ਮਨਾਹੀ ਵਿਸਥਾਰ ਨਾਲ ਵਰਨਣ ਕੀਤੀਆਂ ਗਈਆਂ ਹਨ ਅਤੇ ਇਸ ਦੇ ਬਾਦ ਇਹ ਹੁਕਮ ਹੈ :

“ਜੋ ਇਹਨਾ ਤੋਂ ਬਿਨਾ ਹੋਣ ਤੁਹਾਡੇ ਲਈ (ਨਿਕਾਹ ਦੇ ਬਾਦ) ਹਲਾਲ ਹਨ (ਅਰਥਾਤ ਇਸ ਪ੍ਰਕਾਰ) ਕਿ ਤੁਸੀਂ ਆਪਣੇ ਮਾਲ ਰਾਹੀਂ (ਇਹਨਾ ਨੂੰ) ਤਲਬ ਕਰੋ ਬਸ਼ਰਤੇ ਕਿ ਤੁਸੀਂ ਵਿਆਹ ਕਰਨ ਵਾਲੇ ਹੋਵੋ ਵਿਭਚਾਰ ਕਰਨ ਵਾਲੇ ਨ ਹੋਵੋ । ਫਿਰ (ਇਹ ਸ਼ਰਤ ਵੀ ਹੈ ਕਿ) ਜੇਕਰ ਤੁਸੀਂ ਉਹਨਾਂ ਦਾ ਲਾਭ ਚੁੱਕਿਆ ਹੋਵੇ ਤਾਂ ਤੁਸੀਂ ਉਹਨਾ ਦੇ ਮਹਿਰ ਨਿਯੁਕਤ ਕੀਤੇ ਅਨੁਸਾਰ ਅਦਾ ਕਰੋ ਅਤੇ ਮਹਿਰ ਨਿਯੁਕਤ ਹੋ ਜਾਣ ਦੇ ਬਾਦ ਜਿਸ (ਵੱਧ ਘੱਟ) ਲਈ ਤੁਸੀਂ ਆਪੋ ਵਿੱਚ ਰਾਜ਼ੀ ਹੋ ਜਾਓ, ਉਸ ਬਾਰੇ ਤੁਹਾਨੂੰ ਕੋਈ ਗੁਨਾਹ ਨਹੀਂ ਹੋਵੇਗਾ । ਰੱਬ ਨਿਰਸੰਦੇਹ ਬਹੁਤ ਜਾਨਣ ਵਾਲਾ ਤੇ ਦਾਨਾਈ ਵਾਲਾ ਹੈ ।”

(ਸੂਰਤ ਨਿਸਾ : 25)

ਭਾਵੇਂ ਪਤੀ ਪਤਨੀ ਨੂੰ ਇਕ ਦੂਜੇ ਉਪੱਰ ਹੱਕ ਹਾਸਲ ਹਨ ਪਰ ਪਤੀ ਹੋਣ ਦੇ ਨਾਤੇ, ਪਰਿਵਾਰ ਦਾ ਪਾਲਕ ਹੋਣ ਅਤੇ ਆਪਣੇ ਪਰਿਵਾਰ ਲਈ ਰੋਜ਼ੀ ਰੋਟੀ ਕਮਾਉਣ ਵਾਲਾ ਹੋਣ ਦੇ ਨਾਤੇ ਘਰੇਲੂ ਮਾਮਲਿਆਂ ਵਿੱਚ ਉਸ ਦਾ ਫ਼ੈਸਲਾ

ਅਖ਼ੀਰੀ ਸਮਝਿਆ ਜਾਂਦਾ ਹੈ, ਸਿਵਾਏ ਇਸਦੇ ਕਿ ਮਾਮਲਾ ਹੱਥੋਂ ਨਿਕਲ ਜਾਏ ਅਤੇ ਪਰਿਵਾਰ ਨੂੰ ਤਬਾਹੀ ਦਾ ਸਾਹਣਾ ਹੋਵੇ ।

"ਜਿਵੇਂ ਇਹਨਾ (ਇਸਤਰੀਆਂ) ਉਪੱਰ ਕੁਝ ਜ਼ਿੰਮੇਦਾਰੀਆਂ ਹਨ, ਉਸੇ ਪ੍ਰਕਾਰ ਦਸਤੂਰ ਅਨੁਸਾਰ ਇਹਨਾ ਨੂੰ ਵੀ ਕੁਝ ਅਧਿਕਾਰ ਹਾਸਲ ਹਨ । ਪਰ, ਹਾਂ ! ਪੁਰਸ਼ਾਂ ਨੂੰ ਉਹਨਾਂ'ਤੇ ਇਕ ਪ੍ਰਕਾਰ ਦੀ ਕੁਝ ਤਰਜੀਹ ਹਾਸਲ ਹੈ ਅਤੇ ਅਲੱਾਹ ਗ਼ਾਲਬ ਤੇ ਦਾਨਾਈ ਵਾਲਾ ਹੈ ।"

(ਸੂਰਤ ਅਲਬਕਰਹ 229)

ਇਸਤਰੀ ਦੀ ਸ਼ਰੀਰਕ ਬਣਤਰ ਤੇ ਨਜ਼ਾਕਤ ਅਤੇ ਉਸ ਨੂੰ ਖ਼ਤਰਾ ਹੋਣ ਕਰਕੇ ਪੁਰੁਸ਼ ਨੂੰ ਉਹਨਾ ਦਾ ਨਿਗਰਾਨ ਬਣਾਇਆ ਗਿਆ ਹੈ ।

"ਪੁਰੁਸ਼ ਇਸਤਰੀਆਂ'ਤੇ ਇਸ ਵੱਡਿਆਈ ਦੇ ਸਬਬ ਜੋ ਰੱਬ ਨੇ ਉਹਨਾਂ ਵਿੱਚੋਂ ਕੁਝ ਨੂੰ ਦੂਜਿਆਂ ਉਪੱਰ ਦਿੱਤੀ ਹੈ ਅਤੇ ਇਸ ਦੇ ਸਬਬ ਕਿ ਉਹ ਆਪਣੇ ਮਾਲ ਵਿੱਚੋਂ (ਇਸਤਰੀਆਂ ਉਪੱਰ) ਖ਼ਰਚ ਕਰ ਚੁੱਕੇ ਹਨ ਨਿਗਰਾਨ (ਕਰਾਰ ਦਿੱਤੇ) ਹਨ । ਸੋ, ਨੇਕ ਇਸਤਰੀਆਂ ਆਗਿਆਕਰ ਤੇ ਰੱਬ ਦੀ ਮਦਦ ਨਾਲ ਗੁਪਤ ਗਲੱਾਂ ਦੀ ਸੁਰੱਖਿਅਤ ਹੁੰਦੀਆਂ ਹਨ ।"

(ਸੂਰਤ ਨਿਸਾ 35)

ਪਤਨੀ ਜੇਕਰ ਅਵਗਿਆ'ਤੇ ਅੜੀ ਰਹੇ ਕਿ ਘਰ ਦਾ ਸ਼ਾਂਤੀਪੂਰਨ ਵਾਤਾਵਰਣ ਹੀ ਵਿਗੜ ਜਾਏ ਤਾਂ ਪੁਰੁਸ਼ ਨੂੰ ਉਸਨੂੰ ਨਸਹੀਤ ਕਰਨੀ ਚਾਹੀਦੀ ਹੈ । ਫਿਰ ਜੇਕਰ ਉਸ ਦੀ ਨਸੀਹਤ ਦਾ ਵੀ ਇਸਤਰੀ ਉਪੱਰ ਕੋਈ ਅਸਰ ਨ ਹੋਵੇ ਤਾਂ ਅਸਥਾਈ ਰੂਪ ਵਿੱਚ ਉਸਤੋਂ ਬਿਸਤਰ ਅੱਡ ਕੀਤਾ ਜਾ ਸਕਦਾ ਹੈ । ਅਖ਼ੀਰੀ ਉਸਨੂੰ ਹੌਲੀ ਜਿਹਾ ਦੰਡਤ ਵੀ ਕੀਤਾ ਜਾ ਸਕਦਾ ਹੈ ।

"ਅਤੇ ਜੇਕਰ ਕਿਸੇ ਇਸਤਰੀ ਨੂੰ ਆਪਣੇ ਪਤੀ ਵੱਲੋਂ ਕਿਸੇ ਮੰਦੇ ਮਾਮਲੇ ਜਾਂ ਧਿਆਨ ਨ ਦੇਣ ਦਾ ਸੰਦੇਹ ਹੋਵੇ ਤਾਂ ਇਹਨਾ ਦੋਹਾਂ'ਤੇ ਕੋਈ ਦੋਸ਼ ਨਹੀਂ ਕਿ ਉਹ ਕਿਸੇ ਢੰਗ ਨਾਲ ਆਪੋ ਵਿੱਚ ਸੁਲਾਹ ਕਰ ਲੈਂਣ ਅਤੇ ਸੁਲਾਹ (ਸਾਰਿਆਂ ਨਾਲੋਂ) ਚੰਗੀ ਹੈ । ਅਤੇ ਲੋਕਾਂ ਦੇ ਮਨਾਂ ਵਿੱਚ ਕੰਜੂਸੀ (ਦਾ ਵਿਚਾਰ) ਪੈਦਾ ਕਰ ਦਿਤੱਾ

ਗਿਆ ਹੈ ਅਤੇ ਜੇਕਰ ਤੁਸੀਂ ਨੇਕ ਕੰਮ ਕਰੋ ਅਤੇ ਸੰਜਮਤਾ ਧਾਰਨ ਕਰੋ ਤਾਂ (ਚੇਤੇ ਰੱਖੋ ਕਿ) ਜੋ ਤੁਸੀਂ ਕਰਦੇ ਹੋ, ਨਿਰਸੰਦੇਹ ਰੱਬ ਉਸਤੋਂ ਜਾਣੂ ਹੈ ।"

(ਸੂਰਤ ਨਿਸਾ : **129**)

ਆਪਸੀ ਮਸ਼ਵਰੇ ਦੇ ਬਾਦ ਵੀ ਦੋਹਾਂ ਵਿੱਚ ਸੁਲਾਹ ਕਠਨ ਕੰਮ ਹੋਵੇ ਤਾਂ ਦੋਹਾਂ ਵਿੱਚੋਂ ਇਕ ਇਕ ਨਿਆਏ ਕਰਨ ਵਾਲਾ (ਵਕੀਲ) ਨਿਯੁਕਤ ਕਰਨਾ ਚਾਹੀਦਾ ਹੈ ਜਿਵੇਂ ਕਿ ਰੱਬ ਫ਼ਰਮਾਉਂਦਾ ਹੈ :

"ਅਤੇ ਜੇਕਰ ਤੁਹਾਨੂੰ ਇਹਨਾ ਦੋਹਾਂ (ਅਰਥਾਤ ਪਤੀ ਪਤਨੀ) ਦੇ ਆਪਸੀ (ਸੰਬੰਧਾਂ) ਬਾਰੇ ਮਤਿਭੇਦ (ਜਾਂ ਝਗੜੇ) ਦਾ ਸੰਦੇਹ ਹੋਵੇ ਤਾਂ ਇਕ ਪੰਚ ਇਸਦੇ (ਅਰਥਾਤ ਪੁਰੁਸ਼ ਦੇ) ਸਾਕਾਂ ਸੰਬੰਧੀਆਂ ਵਿੱਚੋਂ ਅਤੇ ਇਕ ਪੰਚ ਉਸਦੇ (ਅਰਥਾਤ ਇਸਤਰੀ ਦੇ) ਸਾਕਾ ਸੰਬੰਧੀਆਂ ਵਿੱਚੋਂ ਨਿਯੁਕਤ ਕਰੋ ਅਤੇ (ਫਿਰ) ਜੇਕਰ ਦੋਵੇਂ (ਪੰਚ) ਸੁਲਾਹ ਕਰਾਉਂਣਾ ਚਾਹੁਣ ਤਾਂ ਰੱਬ ਇਹਨਾ ਦੋਹਾਂ (ਪਤੀ ਪਤਨੀ) ਵਿੱਚ ਅਨੁਕੂਲਤਾ ਪੈਦਾ ਕਰ ਦੇਵੇਗਾ । ਅਲੱਾਹ ਬਹੁਤ ਜਾਨਣ ਵਾਲਾ ਤੇ ਖ਼ਬਰਦਾਰ ਹੈ ।"

(ਸੂਰਤ ਨਿਸਾ : **36**)

# ਤਲਾਕ

ਜੱਦ ਸੁਲਾਹ ਦੇ ਸਾਰੇ ਜਤਨ ਅਸਫ਼ਲ ਹੋਣ ਤਾਂ ਨਿਕਾਹ ਖ਼ਤਮ ਕਰਨਾ ਹੀ ਇਕ ਅਜਿਹਾ ਸਾਧਨ ਹੈ ਜਿਸ ਨਾਲ ਅਮਨ ਤੇ ਸ਼ਾਂਤੀ ਸਥਾਪਤ ਕੀਤੀ ਜਾ ਸਕਦੀ ਹੈ । ਫਿਰ ਵੀ ਇਹ ਚੇਤੇ ਰਹੇ ਕਿ ਇਸਲਾਮ ਤਲਾਕ ਦੀ ਪ੍ਰੇਰਨਾ ਨਹੀਂ ਕਰਦਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਫ਼ਰਮਾਉਂਦੇ ਹਨ ਕਿ ਜਾਇਜ਼ (ਉਚਿਤ) ਚੀਜ਼ਾਂ ਵਿੱਚੋਂ ਰੱਬ ਨੇੜੇ ਸਭ ਤੋਂ ਵੱਧ ਨਾਪਸੰਦ ਚੀਜ਼ ਤਲਾਕ ਹੈ ।

ਤਲਾਕ ਦਾ ਅਰੰਭ ਪਤੀ ਜਾਂ ਪਤਨੀ ਦੋਹਾਂ ਵੱਲੋਂ ਕੀਤਾ ਜਾ ਸਕਦਾ ਹੈ । ਅੰਤ ਵਰਣਿਤ ਅਵਸਥਾ ਵਿੱਚ ਮਾਮਲਾ ਕਾਨੂਨ ਰਾਹੀਂ ਅੱਗੇ ਵਧਾ ਦਿਤੱਾ ਜਾਏਗਾ ਤਾਂ ਜੋ ਪਤਨੀ ਦੇ ਅਧਿਕਾਰਾਂ ਦੀ ਪੂਰਨ ਸੁਰੱਖਿਆ ਹੋ ਸਕੇ । ਪਤੀ ਪਤਨੀ ਵਿਚੱਕਾਰ ਅਣਸੁਖਾਵੀਆਂ ਗੱਲਾਂ ਦੇ ਸਿਰ ਚੁਕੱਣ ਦੀ ਅਵਸਥਾ ਵਿੱਚ ਜੱਦ ਸੁਲਾਹ

(ਸੁਧਾਰ) ਦੀਆਂ ਕਾਰਵਾਈਆਂ ਅਸਫ਼ਲ ਹੋਣ ਦੇ ਬਾਦ ਪਤੀ ਆਪਣੀ ਪਤਨੀ ਤੋਂ ਅੱਡ ਹੋਣ ਦੀ ਸਹੁੰ ਖਾ ਲਵੇ ਤਾਂ ਚਾਰ ਮਹੀਨਿਆਂ ਦੇ ਅੰਦਰ ਉਸ ਨੂੰ ਰੁਜੂਅ (ਉਸ ਵੱਲ ਮਿਲਾਪ) ਕਰਨਾ ਹੋਵੇਗਾ ।

"ਜੋ ਲੋਕ ਆਪਣੀਆਂ ਪਤਨੀਆਂ ਬਾਰੇ ਸਹੁੰ ਚੁੱਕ ਕੇ (ਉਹਨਾ ਤੋਂ) ਅੱਡ ਹੋ ਜਾਂਦੇ ਹਨ । ਉਹਨਾ ਲਈ (ਕੇਵਲ) ਚਾਰ ਮਹੀਂਨਿ ਤੱਕ ਉਡੀਕਣਾ ਉਚਿਤ ਹੈ, ਫਿਰ ਜੇਕਰ (ਇਸ ਕਾਲ ਵਿੱਚ ਸੁਲਾਹ ਦੇ ਵਿਚਾਰ ਨਾਲ) ਪਰਤ ਆਉਣ ਤਾਂ ਨਿਰਸੰਦੇਹ ਰੱਬ ਬਹੁਤ ਬਖ਼ਸ਼ਣਹਾਰ ਹੈ ਅਤੇ ਵਾਰ ਵਾਰ ਰਹਿਮ ਕਰਨ ਵਾਲਾ ਹੈ । ਅਤੇ ਜੇਕਰ ਉਹ ਤਲਾਕ ਦਾ ਫ਼ੈਸਲਾ ਕਰ ਲੈਂਣ ਤਾਂ ਰੱਬ ਬਹੁਤ ਸੁਣਨ ਵਾਲਾ ਤੇ ਜਾਨਣਹਾਰ ਹੈ ।"

(ਸੂਰਤ ਬਕਰਹ 227-228)

ਤਲਾਕ ਬਾਰੇ ਇਕ ਸੰਪੂਰਨ ਨਿਯਮਾਵਲੀ ਮੌਜੂਦ ਹੈ । ਇਹ ਨੀਯਮ ਇਸ ਲਈ ਬਣਾਏ ਗਏ ਹਨ ਤਾਂ ਜੋ ਇਸ ਨੂੰ ਸਧਾਰਣ ਨ ਸਮਝਿਆ ਜਾਏ ਅਤੇ ਨ ਹੀ ਜੋਸ਼ ਵਿੱਚ ਆਣਕੇ ਤਲਾਕ ਦੇ ਦਿਤੱਾ ਜਾਏ । ਤਲਾਕ ਇਕ ਦੇਖਿਆ ਭਾਲਿਆ ਤੇ ਸਮਝਿਆ ਕਰਮ ਹੋਣਾ ਚਾਹੀਦਾ ਹੈ ਜੋ ਕਿ ਦੋਵੇਂ (ਪਤੀ ਪਤਨੀ) ਆਪਣੇ ਤੇ ਆਪਣੀ ਸੰਤਾਨ (ਜੇਕਰ ਹੋਵੇ ਤਾਂ) ਬਾਰੇ ਵਿਚਾਰ ਤੇ ਗ਼ੌਰ ਕਰਨ ਦੇ ਬਾਦ ਫਿਰ ਕਰਨ । ਆਦੇਸ਼ਾਂ ਦੇ ਪੱਖੋਂ ਇਹ ਕਾਰਵਾਈ ਕਿਸੇ ਹੱਦ ਤੱਕ ਲੰਮੀ ਹੈ ਤਾਂ ਜੋ ਦੋਹਾਂ ਨੂੰ ਤਲਾਕ ਲਾਗੂ ਹੋਣ ਤੋਂ ਪਹਿਲਾਂ ਗ਼ੌਰ ਤੇ ਵਿਚਾਰ ਕਰਨ ਅਤੇ ਸੁਲਾਹ ਕਰਨ ਦਾ ਸਮਾਂ ਮਿਲ ਜਾਏ ।

"ਅਜਿਹੀ ਤਲਾਕ (ਜਿਸ ਵਿੱਚ ਰੁਜੂਅ ਅਰਥਾਤ ਸੁਲਾਹ ਲਈ ਪਰਤਿਆ ਜਾ ਸਕੇ) ਦੋ ਵਾਰ (ਹੋ ਸਕਦੀ) ਹੈ । ਫਿਰ ਜਾਂ ਤਾਂ ਉਚਿਤ ਢੰਗ ਨਾਲ ਰੋਕ ਲੈਂਣਾ ਹੋਵੇਗਾ ਜਾਂ ਚੰਗੇ ਵਰਤਾਉ ਨਾਲ ਤੋਰ ਦੇਣਾ ਹੋਵੇਗਾ ਅਤੇ ਤੁਹਾਡੇ ਲਈ ਉਸ (ਮਾਲ) ਦਾ ਜੋ ਤੁਸੀਂ ਉਹਨਾ ਨੂੰ ਪਹਿਲਾਂ ਦੇ ਚੁਕੇ ਹੋ ਕੋਈ ਭਾਗ ਵੀ (ਵਾਪਸ) ਲੈਂਣਾ ਜਾਇਜ਼ ਨਹੀਂ । ਸਿਵਾਏ ਇਸਦੇ ਕਿ ਉਹਨਾਂ (ਦੋਹਾਂ ਨੂੰ) ਇਸ ਗੱਲ ਦਾ ਸੰਦੇਹ ਹੋਵੇ ਕਿ ਉਹ ਰੱਬ ਦੀਆਂ (ਨੀਯਤ ਕੀਤੀਆਂ) ਹਦੱਾਂ ਨੂੰ ਕਾਇਮ ਨਹੀਂ

ਰੱਖ ਸਕੱਣਗੇ । ਸੋ, ਜੇਕਰ ਤੁਹਾਨੂੰ ਇਹ ਸੰਦੇਹ ਹੋਵੇ ਕਿ ਉਹ (ਦੋਵੇਂ ਪਤੀ ਪਤਨੀ) ਰੱਬ ਦੀਆਂ (ਨਿਰਧਾਰਤ ਕੀਤੀਆਂ) ਹਦੱਾਂ ਨੂੰ ਕਾਇਮ ਨਹੀਂ ਰੱਖ ਸਕਣਗੇ ਤਾਂ ਉਹ (ਇਸਤਰੀ) ਜੋ ਕੁਝ ਫ਼ਿਦੀਏ ਦੇ ਰੂਪ ਵਿੱਚ ਦੇਵੇ ਇਸ ਬਾਰੇ (ਉਹਨਾ ਦੋਹਾਂ ਵਿੱਚੋਂ ਕਿਸੇ) ਨੂੰ ਕੋਈ ਪਾਪ ਨਹੀਂ ਹੋਵੇਗਾ । ਇਹ ਰੱਬ ਦੀਆਂ (ਨਿਰਧਾਰਤ ਕੀਤੀਆਂ) ਹਦੱਾਂ ਹਨ, ਇਸ ਲਈ ਤੁਸੀਂ ਇਹਨਾਂ ਤੋਂ ਬਾਹਰ ਨ ਨਿਕਲੋ ਅਤੇ ਜੋ ਲੋਕ ਰੱਬ ਦੀਆਂ (ਨਿਰਧਾਰਤ ਕੀਤੀਆਂ) ਹਦੱਾਂ ਤੋਂ ਬਾਹਰ ਨਿਕਲ ਜਾਣ ਤਾਂ ਸਮਝ ਲਓ ਕਿ ਇਹੋ ਲੋਕ (ਅਸਲ) ਜ਼ਾਲਮ ਹਨ।"

(ਸੂਰਤ ਬਕਰਹ : 230)

ਕਾਹਲੀ ਵਿੱਚ ਤਲਾਕ ਦੇਣ ਦੇ ਖੰਡਨ ਵਿੱਚ ਇਕ ਹੋਰ ਆਦੇਸ਼ ਇਹ ਹੈ ਕਿ :

"ਫਿਰ ਜੱਦ ਤਲਾਕ ਦੇ ਦੇਵੇ ਤਾਂ ਇਸ ਦੇ ਬਾਦ ਉਹ ਇਸਤਰੀ ਉਸ ਲਈ ਜਾਇਜ਼ ਨਹੀਂ ਹੋਵੇਗੀ ਜੱਦ ਤੱਕ ਉਹ ਉਸ ਤੋਂ ਬਿਨਾ (ਕਿਸੇ) ਦੂਜੇ ਪਤੀ ਕੋਲ ਨ ਜਾਏ, ਪਰ ਜੇਕਰ ਉਹ ਵੀ ਉਸ ਨੂੰ ਤਲਾਕ ਦੇ ਦੇਵੇ ਤਾਂ ਇਹਨਾ ਦੋਹਾਂ ਵਿੱਚ ਬਸ਼ਰਤੇ ਕਿ ਉਹਨਾ ਨੂੰ ਵਿਸ਼ਵਾਸ਼ ਹੋਵੇ ਕਿ ਉਹ ਰੱਬ ਦੀਆਂ ਨਿਰਧਾਰਤ ਕੀਤੀਆਂ ਹਦਾਂ ਨੂੰ ਕਾਇਮ ਰੱਖ ਸਕਣਗੇ ਆਪੋ ਵਿੱਚ ਦੁਬਾਰਾ ਰੁਜੂਅ (ਨਿਕਾਹ) ਕਰ ਲੈਂਣ'ਤੇ ਕੋਈ ਪਾਪ ਨਹੀਂ ਹੋਵੇਗਾ । ਅਤੇ ਇਹ ਰੱਬ ਦੀਆਂ (ਨਿਰਧਾਰਤ ਕੀਤੀਆਂ) ਹੱਦਾਂ ਹਨ ਜਿੰਨ੍ਹਾ ਨੂੰ ਉਹ ਗਿਆਨ ਰਖੱਣ ਵਾਲੇ ਲੋਕਾਂ ਲਈ ਖੋਲ੍ਹਕੇ ਵਰਨਣ ਕਰਦਾ ਹੈ ।"

(ਸੂਰਤ ਬਕਰਹ : 231)

'ਅਤੇ ਜੱਦ ਤੁਸੀਂ ਇਸਤਰੀ ਨੂੰ ਤਲਾਕ ਦਿਓ ਅਤੇ ਉਹ ਆਪਣੀ ਨਿਰਧਾਰਤ ਮੁਦੱਤ (ਸਮੇਂ) ਦੇ (ਅੰਤਮ ਹੱਦ) ਨੂੰ ਪਹੁੰਚ ਜਾਣ ਤਾਂ ਜਾਂ ਤਾਂ ਉਹਨਾ ਨੂੰ ਉਚਿਤ ਢੰਗ ਨਾਲ ਰੋਕ ਲਓ ਜਾਂ ਉਹਨਾ ਨੂੰ ਉਚਿਤ ਢੰਗ ਨਾਲ ਤੋਰ ਦਿਓ । ਉਹਨਾ ਨੂੰ ਕਸ਼ਟ ਦੇਣ ਲਈ (ਇਸ ਨੀਯਤ ਨਾਲ) ਕਿ (ਬਾਦ ਵਿੱਚ) ਉਹਨਾਂ'ਤੇ ਵਧੀਕੀ ਕਰੋ, ਨ ਰੋਕੋ, ਅਤੇ ਜਿਹੜਾ ਵਿਅਕਤੀ ਅਜਿਹਾ ਕਰੇ ਤਾਂ (ਸਮਝ ਲਓ) ਉਸਨੇ

ਆਪਣੀ ਹੀ ਜਾਨ ਉਪੱਰ ਜ਼ੁਲਮ ਕੀਤਾ ਹੈ ਅਤੇ ਤੁਸੀਂ ਰੱਬ ਦੇ ਆਦੇਸ਼ਾਂ ਨੂੰ ਹਾਸੇ ਦਾ ਸਾਧਨ ਨ ਬਣਾਓ ਅਤੇ ਤੁਹਾਡੇ ਉਪੱਰ ਜੋ ਰੱਬ ਦਾ ਉਪਕਾਰ ਹੋਇਆ ਹੈ, ਇਸ ਨੂੰ ਚੇਤੇ ਰੱਖੋ ਅਤੇ ਉਸਨੂੰ ਵੀ ਚੇਤੇ ਰੱਖੋ ਜੋ ਉਸਨੇ ਤੁਹਾਡੇ ਉਪੱਰ ਉਤਾਰਿਆ ਹੈ ਅਰਥਾਤ ਕਿਤਾਬ ਅਤੇ ਦਾਨਾਈ ਨੂੰ, ਉਹ ਉਸ ਰਾਹੀਂ ਤੁਹਾਨੂੰ ਨਸੀਹਤ ਕਰਦਾ ਹੈ ਅਤੇ ਅਲੱਾਹ ਦਾ ਤਕਵਾ (ਸੰਜਮਤਾ) ਧਾਰਣ ਕਰੋ ਅਤੇ ਜਾਣ ਲਓ ਕਿ ਅਲੱਾਹ ਹਰ ਇਕ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹੈ ।”

(ਸੂਰਤ ਬਕਰਾਹ : 232)

“ਅਤੇ ਜੱਦ ਤੁਸੀਂ ਇਸਤਰੀਆਂ ਨੂੰ ਤਲਾਕ ਦਿਓ ਅਤੇ ਉਹ ਆਪਣੀਆਂ ਹੱਦਾਂ ਨੂੰ ਪੂਰਾ ਕਰ ਲੈਂਣ ਤਾਂ ਤੁਸੀਂ ਉਹਨਾਂ ਨੂੰ ਜੱਦ ਕਿ ਉਹ ਨੇਕ ਤਰੀਕੇ ਨਾਲ ਆਪੋ ਵਿੱਚ ਰਾਜ਼ੀ ਹੋ ਜਾਣ ਆਪਣੇ ਪਤੀਆਂ ਨਾਲ ਨਿਕਾਹ ਕਰ ਲੈਂਣ ਤੋਂ ਨ ਰੋਕੋ । ਇਹ ਉਹ ਗੱਲ ਹੈ ਕਿ ਜਿਸ ਦੀ ਤੁਹਾਡੇ ਵਿੱਚੋਂ ਹਰ ਉਸ ਵਿਅਕਤੀ ਨੂੰ ਜੋ ਰੱਬ ਉਪੱਰ ਅਤੇ ਆਖ਼ਰਤ ਦੇ ਦਿਨ ਉਪੱਰ ਇਮਾਨ ਲਿਆਉਂਦਾ ਹੈ ਨਸੀਹਤ ਕੀਤੀ ਜਾਂਦੀ ਹੈ ਅਤੇ (ਸਮਝ ਲਓ ਕਿ) ਇਹ ਗੱਲ ਤੁਹਾਡੇ ਹੱਕ ਵਿੱਚ ਸਭ ਤੋਂ ਵੱਧ ਪਵਿੱਤਰ ਹੈ ਅਤੇ ਰੱਬ ਜਾਣਦਾ ਹੈ ਅਤੇ ਤੁਸੀਂ ਨਹੀਂ ਜਾਣਦੇ ।”

(ਸੂਰਤ ਬਕਰਾਹ : 233)

“ਅਤੇ ਜਿੰਨ੍ਹਾ ਇਸਤਰੀਆਂ ਨੂੰ ਤਲਾਕ ਮਿਲ ਜਾਏ, ਉਹ ਤਿੰਨ ਵਾਰ ਰਿਤੂ (ਮਾਹਵਾਰੀ) ਆਉਣ ਤੱਕ ਆਪਣੇ ਆਪਨੂੰ ਰੋਕੇ ਰਖੱਣ ਅਤੇ ਜੇਕਰ ਉਹਨਾ ਨੂੰ ਰੱਬ ਉਪੱਰ ਅਤੇ ਆਖ਼ਰਤ ਦੇ ਦਿਨ ਉਪੱਰ ਇਮਾਨ ਹੈ ਤਾਂ (ਉਹਨਾ ਨੂੰ ਗਿਆਤ ਰਹੇ ਕਿ) ਜੋ ਕੁਝ ਰੱਬ ਨੇ ਉਹਨਾ ਦੇ ਗਰਭ ਵਿੱਚ ਪੈਦਾ ਕਰ ਰੱਖਿਆ ਹੈ ਉਹਨਾਂ ਲਈ ਉਸਦਾ ਲੁਕਾਉਂਣਾ ਜਾਇਜ਼ ਨਹੀਂ ਅਤੇ ਜੇਕਰ ਉਹਨਾ ਦੇ ਪਤੀ ਆਪਸੀ ਸਲਾਹ ਦਾ ਨਿਸ਼ਚਾ ਕਰ ਲੈਂਣ ਤਾਂ ਉਹ ਇਕ ਮੁਦੱਤ (ਸਮੇਂ) ਦੇ ਅੰਦਰ ਅੰਦਰ ਉਹਨਾ ਨੂੰ ਆਪਣੀ ਪਤਨੀ ਦੇ ਰੂਪ ਵਿੱਚ ਵਾਪਸ ਲੈਂਣ ਦੇ ਬਹੁਤੇ ਹੱਕਦਾਰ ਹਨ।”

(ਸੂਰਤ ਬਕਰਾਹ : 229)

ਤਲਾਕ ਰਜਈ (ਤਲਾਕ ਦੀ ਇਕ ਕਿਸਮ) ਦੇ ਐਲਾਨ ਦੇ ਬਾਦ ਜੇਕਰ ਫਿਰ ਪਤੀ ਪਤਨੀ ਖ਼ਲਵਤ (ਏਕਾਂਤ ਮਿਲਨ) ਕਰਨ ਤਾਂ ਉਹ ਐਲਾਨ ਰੱਦ ਹੋ ਜਾਂਦਾ ਹੈ ।

"ਅਤੇ ਤੁਹਾਡੇ ਵਿੱਚੋਂ ਜਿੰਨ੍ਹਾ ਲੋਕਾਂ ਦੀ ਆਤਮਾ ਕੱਢ ਲਈ ਜਾਂਦੀ ਹੈ (ਅਰਥਾਤ ਮਰ ਜਾਂਦੇ ਹਨ) ਅਤੇ ਉਹ ਆਪਣੇ ਪਿੱਛੇ ਪਤਨੀਆਂ ਛੱਡ ਜਾਂਦੇ ਹਨ, (ਚਾਹੀਦਾ ਹੈ ਕਿ) ਉਹ (ਪਤਨੀਆਂ) ਆਪਣੇ ਆਪ ਨੂੰ ਚਾਰ ਮਹੀਨਿ ਤੇ ਦੱਸ ਦਿਨ ਤੱਕ ਰੋਕੀ ਰਖੱਣ । ਫਿਰ ਜੱਦ ਉਹ ਆਪਣਾ ਨਿਰਧਾਰਤ ਸਮਾਂ ਪੂਰਾ ਕਰ ਲੈਂਣ ਤਾਂ ਉਹ ਆਪਣੇ ਲਈ ਉਚਿਤ ਰੂਪ ਵਿੱਚ ਜੋ ਕੁਝ ਵੀ ਕਰਨ ਉਸਦਾ ਤੁਹਾਡੇ ਉਪੱਰ ਕੋਈ ਪਾਪ ਨਹੀਂ ਅਤੇ ਜੋ ਤੁਸੀਂ ਕਰਦੇ ਹੋ ਰੱਬ ਉਸ ਤੋਂ ਜਾਣੂ ਹੈ।"

(ਸੂਰਤ ਬਕਰਾਹ : 235)

"ਅਤੇ ਇਸਤਰੀਆਂ ਨਾਲ ਨਿਕਾਹ ਦੀ ਬਿਨਤੀ ਬਾਰੇ ਜੋ ਗੱਲ ਤੁਸੀਂ ਇਸ਼ਾਰਿਆਂ ਵਿੱਚ ਉਹਨਾ ਨੂੰ ਕਹੋ ਜਾਂ ਆਪਣੇ ਦਿਲਾਂ ਵਿੱਚ ਰੱਖੋ, ਇਸ'ਤੇ ਤੁਹਾਡੇ'ਤੇ ਕੋਈ ਪਾਪ ਨਹੀਂ । ਰੱਬ ਜਾਣਦਾ ਹੈ ਕਿ ਤੁਹਾਨੂੰ ਅਵਸ਼ ਹੀ ਉਹਨਾ ਦਾ ਵਿਚਾਰ ਆਏਗਾ, ਪਰੰਤੂ ਤੁਸੀਂ ਉਹਨਾ ਨਾਲ ਗੁਪਤ ਰੂਪ ਵਿੱਚ ਕੋਈ ਅਹਿਦ ਨ ਕਰ ਲਓ । ਹਾਂ, ਇਹ ਆਗਿਆ ਹੈ ਕਿ ਤੁਸੀਂ ਉਹਨਾ ਨਾਲ ਕੋਈ ਮੁਨਾਸਬ ਗੱਲ ਕਹਿ ਦਿਓ । ਅਤੇ ਜੱਦ ਤੱਕ (ਇਦੱਤ ਦਾ) ਹੁਕਮ ਆਪਣੀ ਮਿਆਦ ਨੂੰ ਨ ਪਹੁੰਚ ਜਾਏ (ਉਸ ਸਮੇਂ ਤੱਕ) ਤੁਸੀਂ ਨਿਕਾਹ ਕਰਨ ਦਾ ਪਕੱਾ ਨਿਸ਼ਚਾ ਨ ਕਰੋ । ਅਤੇ ਜਾਣ ਲਓ ਕਿ ਤੁਹਾਡੇ ਦਿਲਾਂ ਵਿੱਚ ਜੋ ਕੁਝ ਵੀ ਹੈ ਰੱਬ ਉਸ ਨੂੰ ਜਾਣਦਾ ਹੈ, ਸੋ, ਤੁਸੀਂ ਇਸ ਗੱਲ ਤੋਂ ਡਰੋ ਅਤੇ ਜਾਣ ਲਓ ਕਿ ਰੱਬ ਬਹੁਤ ਬਖ਼ਸ਼ਣ ਵਾਲਾ ਅਤੇ ਧੀਰਜਵਾਨ ਹੈ ।"

(ਸੂਰਤ ਬਕਰਾਹ : 236)

"ਅਤੇ ਤੁਹਾਡੇ ਵਿੱਚੋਂ ਜਿੰਨ੍ਹਾ ਲੋਕਾਂ ਦਾ ਦੇਹਾਂਤ ਹੋ ਜਾਏ ਅਤੇ ਉਹ ਪਤਨੀਆਂ ਛੱਡ ਜਾਣ । ਉਹ ਆਪਣੀਆਂ ਪਤਨੀਆਂ ਦੇ ਹੱਕ ਵਿੱਚ ਇਕ ਸਾਲ ਤੱਕ ਲਾਭ ਪਹੁੰਚਾਉਣ ਅਰਥਾਤ ਉਹਨਾ ਨੂੰ ਘਰੋਂ ਨ ਕਢੱਣ ਦੀ ਵਸੀਯੱਤ ਕਰ ਜਾਣ । ਪਰ

ਜੇਕਰ ਉਹ ਆਪਣੇ ਆਪ ਚਲੀਆਂ ਜਾਣ ਤਾਂ ਉਹ ਆਪਣੇ ਬਾਰੇ ਜੋ ਚੰਗਾ ਫ਼ੈਸਲਾ ਕਰਨ ਉਸ ਦਾ ਤੁਹਾਡੇ ਉਪੱਰ ਕੋਈ ਦੋਸ਼ ਨਹੀਂ ਅਤੇ ਰੱਬ ਪ੍ਰਬਲ ਤੇ ਦਾਨਾਈ ਵਾਲਾ ਹੈ ।''

(ਸੂਰਤ ਬਕਰਾਹ : 241)

''ਜਿੰਨ੍ਹਾ ਇਸਤਰੀਆਂ ਨੂੰ ਤਲਾਕ ਦਿੱਤੀ ਜਾਏ, ਉਹਨਾ ਨੂੰ ਆਪਣੇ ਹਾਲਾਤ ਅਨੁਸਾਰ ਕੁਝ ਸਾਮਾਨ ਦੇਣਾ ਜ਼ਰੂਰੀ ਹੈ । ਅਸੀਂ ਇਹ ਗੱਲ ਮੁਤੱਕੀਆਂ (ਸੰਜਮੀਆਂ) ਉਪੱਰ ਵਾਜਬ ਕਰ ਦਿੱਤੀ ਹੈ ।''

(ਸੂਰਤ ਬਕਰਾਹ : 242)

''ਤੁਹਾਡੇ ਉਪੱਰ ਕੋਈ ਪਾਪ ਨਹੀਂ ਜੇਕਰ ਤੁਸੀਂ ਇਸਤਰੀਆਂ ਨੂੰ ਉਸ ਸਮੇਂ ਵੀ ਤਲਾਕ ਦੇ ਦਿਓ ਜੱਦ ਕਿ ਤੁਸੀਂ ਉਹਨਾ ਦੂੰ ਛੂਹਿਆ ਵੀ ਨਹੀਂ ਜਾਂ ਮਹਿਰ ਨਿਯੁਕਤ ਨਹੀਂ ਕੀਤਾ ਹੋਵੇ । ਅਤੇ (ਚਾਹੀਦਾ ਹੈ ਕਿ ਇਸ ਅਵਸਥਾ ਵਿੱਚ) ਤੁਸੀਂ ਉਹਨਾ ਨੂੰ ਮੁਨਾਸਬ ਤੌਰ'ਤੇ ਕੁਝ ਸਾਮਾਨ ਦੇ ਦਿਓ (ਇਹ ਗੱਲ) ਧੰਨਵਾਨਾ ਉਪੱਰ ਉਹਨਾ ਦੀ ਸਮਰਥਾ ਅਨੁਸਾਰ (ਲਾਜ਼ਮੀ) ਹੈ ਅਤੇ ਗ਼ਰੀਬਾਂ ਉਪੱਰ ਉਸ ਦੀ ਸਮਰਥਾ ਅਨੁਸਾਰ । ਅਸੀਂ ਅਜਿਹਾ ਕਰਨਾ ਨੇਕ ਲੋਕਾਂ ਉਪੱਰ ਵਾਜਬ ਕਰ ਦਿਤੱਾ ਹੈ ।''

(ਸੂਰਤ ਬਕਰਾਹ : 237)

''ਅਤੇ ਜੇਕਰ ਤੁਸੀਂ ਇਸ ਤੋਂ ਪਹਿਲਾਂ ਉਹਨਾ ਨੂੰ ਛੂਹਿਆ ਨਹੀਂ ਪਰ ਮਹਿਰ ਨਿਰਧਾਰਤ ਕਰ ਦਿਤੱਾ ਹੋਵੇ, ਤਲਾਕ ਦੇ ਦਿਓ ਤਾਂ (ਇਸ ਅਵਸਥਾ ਵਿੱਚ) ਜੋ ਮਹਿਰ ਤੁਸੀਂ ਨਿਰਧਾਰਤ ਕੀਤਾ ਹੈ ਉਸ ਦਾ ਅਧੱਾ (ਉਹਨਾ ਦੇ ਸੁਪੁਰਦ ਕਰਨਾ) ਹੋਵੇਗਾ, ਸਿਵਾਏ ਇਸ ਦੇ ਕਿ (ਇਸ ਅਵਸਥਾ ਵਿੱਚ ਉਹ ਇਸਤਰੀਆਂ) ਮੁਆਫ਼ ਕਰ ਦੇਣ ਜਾਂ ਉਹ ਵਿਅਕਤੀ ਮੁਆਫ਼ ਕਰ ਦੇਵੇ ਜਿਸ ਦੇ ਹੱਥ ਵਿੱਚ ਨਿਕਾਹ ਦਾ ਬੰਨ੍ਹਣਾ ਹੋਵੇ ਅਤੇ ਤੁਹਾਡਾ ਮੁਆਫ਼ ਕਰ ਦੇਣਾ ਸੰਜਮਤਾ ਦੇ ਬਹੁਤਾ ਨੇੜੇ ਹੈ ਅਤੇ ਤੁਸੀਂ ਆਪੋ ਵਿੱਚ (ਮਾਮਲਾ ਤੈਅ ਕਰਦੇ ਸਮੇਂ) ਉਪਕਾਰ ਨੂੰ ਨ ਛੱਡਿਆ ਕਰੋ,

(ਅਤੇ ਚੇਤੇ ਰੱਖੋ ਕਿ) ਜੋ ਕੁਝ ਤੁਸੀਂ ਕਰਦੇ ਹੋ ਰੱਬ ਉਸਨੂੰ ਨਿਸ਼ਚੇ ਹੀ ਦੇਖਦਾ ਹੈ ।"

(ਸੂਰਤ ਬਕਰਾਹ : 238)

"ਅਤੇ ਮਾਵਾਂ ਆਪਣੇ ਬੱਚਿਆਂ ਨੂੰ ਪੂਰੇ ਦੋ ਸਾਲ ਤੱਕ ਦੁੱਧ ਪਿਆਉਣ । (ਇਹ ਨਿਰਦੇਸ਼) ਉਹਨਾ ਲਈ ਹੈ ਜੋ ਦੁੱਧ ਪਿਆਉਣ ਦੇ ਕੰਮ ਨੂੰ (ਉਸ ਦੀ ਨਿਰਧਾਰਤ ਮੁਦੱਤ ਤੱਕ) ਪੂਰਾ ਕਰਨਾ ਚਾਹੁਣ ਅਤੇ ਜਿਸ ਦਾ ਬਚੱਾ ਹੈ ਉਸ ਦੇ ਜ਼ਿੰਮੇ ਦਸਤੂਰ ਅਨੁਸਾਰ ਉਹਨਾ (ਦੁੱਧ ਪਿਆਉਣ ਵਾਲੀਆਂ) ਦਾ ਖਾਣਾ ਅਤੇ ਉਹਨਾ ਦੀ ਪੁਸ਼ਾਕ ਹੈ । ਕਿਸੇ ਵਿਅਕਤੀ ਉਪੱਰ ਉਸ ਦੀ ਸਮਰਥਾ ਤੋਂ ਵੱਧ ਜ਼ਿੰਮੇਦਾਰੀ ਨਹੀਂ ਪਾਈ ਜਾਂਦੀ । ਕਿਸੇ ਮਾਂ ਨੂੰ ਆਪਣੇ ਬੱਚੇ ਰਾਹੀਂ ਦੁੱਖ ਨ ਦਿਤੱਾ ਜਾਏ ਅਤੇ ਨ ਬਾਪ ਨੂੰ ਉਸਦੇ ਬੱਚੇ ਦੇ ਸਬਬ (ਦੁੱਖ ਦਿਤੱਾ ਜਾਏ) ਅਤੇ ਵਾਰਸ ਲਈ ਵੀ ਅਜਿਹਾ ਕਰਨਾ ਲਾਜ਼ਮ ਹੈ, ਅਤੇ ਜੇਕਰ ਦੋਵੇਂ ਆਪਸੀ ਰਜ਼ਾਮੰਦੀ ਅਤੇ ਸਲਾਹ ਨਾਲ ਦੁੱਧ ਛੁਡਾਉਂਣਾ ਚਾਹੁਣ ਤਾਂ ਇਸ ਵਿੱਚ ਉਹਨਾ'ਤੇ ਕੋਈ ਦੋਸ਼ ਨਹੀਂ ਅਤੇ ਜੇਕਰ ਤੁਸੀਂ ਆਪਣੇ ਬੱਚੇ ਨੂੰ (ਕਿਸੇ ਹੋਰ ਇਸਤਰੀ ਦਾ) ਦੁੱਧ ਪਿਆਉਂਣਾ ਚਾਹੋ ਤਾਂ ਤੁਹਾਡੇ ਉਪੱਰ ਕੋਈ ਦੋਸ਼ ਨਹੀਂ, ਜੱਦ ਤੱਕ ਉਹ (ਦੇਣਾ) ਜੋ ਤੁਸੀਂ ਦੇਣਾ ਨਿਰਧਾਰਤ ਕੀਤਾ ਹੈ ਮੁਨਾਸਬ ਢੰਗ ਨਾਲ ਅਦਾ ਕਰ ਦਿਓ ਅਤੇ ਅਲੱਾਹ ਦਾ ਤਕਵਾ (ਸੰਜਮਤਾ) ਧਾਰਣ ਕੋਰ ਅਤੇ ਜਾਣ ਲਓ ਕਿ ਜੋ ਕੁਝ ਤੁਸੀਂ ਕਰਦੇ ਹੋ ਰੱਬ ਉਸਨੂੰ ਨਿਸ਼ਚੇ ਹੀ ਦੇਖਦਾ ਹੈ ।"

(ਸੂਰਤ ਬਕਰਾਹ : 234)

ਹੇਠ ਲਿੱਖੀਆਂ ਆਇਤਾਂ ਵਿੱਚ ਇਹ ਸਾਰੀਆਂ ਗਲੱਾਂ ਸੰਖੇਪ ਵਿੱਚ ਵਰਨਣ ਹਨ ।

"ਹੇ ਨਬੀ ! (ਇਸ ਦੇ ਮੰਨ੍ਹਣ ਵਾਲਿਓ) ਜੱਦ ਤੁਸੀਂ ਪਤਨੀਆਂ ਨੂੰ ਤਲਾਕ ਦਿਓ ਤਾਂ ਉਹਨਾ ਨੂੰ ਨੀਅਤ ਸਮੇਂ ਅਨੁਸਾਰ ਤਲਾਕ ਦਿਓ ਅਤੇ (ਤਲਾਕ ਦੇ ਬਾਦ) ਸਮੇਂ ਦਾ ਅੰਦਾਜ਼ਾ ਰੱਖੋ ਅਤੇ ਅਲੱਾਹ ਦਾ ਜੋ ਤੁਹਾਡਾ ਰੱਬ ਹੈ ਤਕਵਾ (ਸੰਜਮਤਾ) ਧਾਰਣ ਕਰੋ । ਉਹਨਾ ਨੂੰ ਘਰੋਂ ਨ ਕੱਢੋ ਅਤੇ ਨ ਉਹ ਆਪ

ਨਿਕਲਣ ਸਿਵਾਏ ਇਸਦੇ ਕਿ ਉਹ ਇਕ ਖੁੱਲੇ ਗੁਨਾਹ ਵਿੱਚ ਗ੍ਰਿਸੀਆਂ ਹੋਣ ਅਤੇ ਇਹ ਰੱਬ ਦੀਆ ਹੱਦਾਂ ਹਨ ਅਤੇ ਜੋ ਕੋਈ ਰੱਬ ਦੀਆਂ ਹਦੱਾਂ ਨੂੰ ਤੋੜਦਾ ਹੈ ਉਹ ਆਪਣੇ ਉਪੱਰ ਹੀ ਜ਼ੁਲਮ ਕਰਦਾ ਹੈ । (ਹੇ, ਤਲਾਕ ਦੇਣ ਵਾਲੇ !) ਤੈਂਨੂੰ ਪਤਾ ਨਹੀਂ ਕਿ ਸੰਭਵਤਾ ਰੱਬ ਇਸ ਗੱਲ ਦੇ ਬਾਦ ਕੁਝ ਹੋਰ ਪ੍ਰਕਟ ਕਰੇ ।"

(ਸੂਰਤ ਤਲਾਕ : 2)

"ਫਿਰ ਜੱਦ ਔਰਤਾਂ ਇਦੱਤ ਦੀਆਂ ਅਖੀਰੀ ਹੱਦ ਨੂੰ ਪਹੁੰਚ ਜਾਣ ਤਾਂ ਉਹਨਾ ਨੂੰ ਮੁਨਾਸਬ ਢੰਗ ਨਾਲ ਰੋਕ ਲਓ ਜਾਂ ਉਹਨਾਂ ਨੂੰ ਮੁਨਾਸਬ ਢੰਗ ਨਾਲ ਅੱਡ ਕਰ ਦਿਓ । ਅਤੇ ਆਪਣੇ ਵਿੱਚੋਂ ਦੋ ਨਿਆਕਾਰ ਗਵਾਹ ਬਣਾਓ । ਅਤੇ ਰੱਬ ਖ਼ਾਤਰ ਸੱਚੀ ਗਵਾਹੀ ਦਿਓ । ਤੁਹਾਡੇ ਵਿੱਚੋਂ ਜੋ ਕੋਈ ਰੱਬ ਅਤੇ ਆਖ਼ਰਤ ਦੇ ਦਿਨ ਉਪੱਰ ਇਮਾਨ ਲਿਆਉਂਦਾ ਹੈ ਉਸਨੂੰ ਇਹ ਨਸੀਹਤ ਕੀਤੀ ਜਾਂਦੀ ਹੈ ਅਤੇ ਜੋ ਵਿਅਕਤੀ ਰੱਬ ਦਾ ਤਕਵਾ (ਸੰਜਮਤਾ) ਧਾਰਨ ਕਰਦਾ ਹੈ, ਰੱਬ ਉਸ ਲਈ ਕੋਈ ਨ ਕੋਈ ਮਾਰਗ ਕੱਢ ਦੇਵੇਗਾ ।"

(ਸੂਰਤ ਤਲਾਕ : 3)

"ਅਤੇ (ਤੁਹਾਡੀਆਂ ਪਤਨੀਆਂ ਵਿੱਚੋਂ) ਉਹ (ਔਰਤਾਂ) ਜੋ ਮਾਹਵਾਰੀ ਤੋਂ ਨਿਰਾਸ਼ ਹੋ ਚੁੱਕੀਆਂ ਹਨ ਜੇਕਰ (ਉਹਨਾ ਦੀ ਇਦੱਤ ਬਾਰੇ) ਤੁਹਾਨੂੰ ਸੰਦੇਹ ਹੋਵੇ ਤਾਂ ਉਹਨਾ ਦੀ ਇਦੱਤ ਤਿੰਨ ਮਹੀਨੇ ਹੈ, ਅਤੇ ਇਸੇ ਪ੍ਰਕਾਰ ਉਹਨਾ ਦੀ ਵੀ ਜਿੰਨ੍ਹਾ ਨੂੰ ਮਾਹਵਾਰੀ ਨਹੀਂ ਆ ਰਹੀ । ਅਤੇ ਜਿੰਨ੍ਹਾ ਇਸਤਰੀਆਂ ਨੂੰ ਗਰਭ ਹੋਵੇ ਉਹਨਾ ਦੀ ਇਦੱਤ ਬੱਚੇ ਦੇ ਜਨਮ ਤੱਕ ਹੈ ਅਤੇ ਜੋ ਕੋਈ ਰੱਬ ਤੋਂ ਡਰਦਾ ਰਹੇ ਰੱਬ ਜ਼ਰੂਰ ਉਸ ਲਈ ਅਸਾਨੀ ਪੈਦਾ ਕਰ ਦਿੰਦਾ ਹੈ ।"

(ਸੂਰਤ ਤਲਾਕ : 5)

"(ਹੇ ਮੁਸਲਮਾਨੋ ! ਤਲਾਕ ਦਿੱਤੀਆਂ ਔਰਤਾਂ ਦੇ ਹੱਕ ਨ ਭੁੱਲੋ) ਉਹਨਾ ਨੂੰ ਉੱਥੇ ਹੀ ਰੱਖੋ ਜਿੱਥੇ ਤੁਸੀਂ ਆਪਣੀ ਸਮਰਥਾ ਅਨੁਸਾਰ ਰਹਿੰਦੇ ਹੋ, ਅਤੇ ਉਹਨਾ ਨੂੰ ਕਿਸੇ ਪ੍ਰਕਾਰ ਦਾ ਦੁੱਖ ਨ ਪਹੁੰਚਾਓ, ਇਸ ਲਈ ਕਿ ਉਹਨਾ ਨੂੰ ਤੰਗ ਕਰਕੇ ਘਰੋਂ ਕੱਢ ਦਿਓ, ਅਤੇ ਜੇਕਰ ਉਹ ਗਰਭਵਤੀ ਹੋਣ ਤਾਂ ਉਸ ਸਮੇਂ ਤੱਕ ਉਹਨਾਂ'ਤੇ

ਖਰਚ ਕਰੋ ਜੱਦ ਤੱਕ ਉਹ ਬੱਚੇ ਨੂੰ ਜਨਮ ਨਹੀਂ ਦੇ ਲੈਂਦੀਆਂ ਅਤੇ ਜੇਕਰ ਉਹ ਤੁਹਾਡੇ ਲਈ ਬੱਚੇ ਨੂੰ ਦੁੱਧ ਪਿਆਉਣ ਤਾਂ ਉਚਿਤ ਉਜਰਤ ਦਿਓ ਅਤੇ ਇਸ ਦਾ ਫ਼ੈਸਲਾ ਦਸਤੂਰ ਅਨੁਸਾਰ ਆਪਸੀ ਸਲਾਹ ਮਸ਼ਵਰੇ ਨਾਲ ਪੂਰਾ ਕਰੋ ਅਤੇ ਜੇਕਰ ਆਪੋ ਵਿੱਚ ਕਿਸੇ ਫ਼ੈਸਲੇ ਉਪੱਰ ਇਕੱਠੇ ਨ ਹੋ ਸਕੋ ਤਾਂ ਕੋਈ ਹੋਰ ਇਸਤਰੀ ਇਸ ਬੱਚੇ ਨੂੰ ਦੁੱਧ ਪਿਆਏ । ਚਾਹੀਦਾ ਹੈ ਕਿ ਧੰਨਵਾਨ ਪੁਰੁਸ਼ (ਦੁੱਧ ਪਿਆਉਣ ਵਾਲੀ ਇਸਤਰੀ'ਤੇ) ਆਪਣੀ ਸਮਰਥਾ ਅਨੁਸਾਰ ਖ਼ਰਚ ਕਰੇ ਅਤੇ ਜੋ ਧੰਨਵਾਨ ਨਹੀਂ ਹੈ ਉਹ ਰੱਬ ਦੇ ਦਿੱਤੇ ਅਨੁਸਾਰ ਖ਼ਰਚ ਕਰੇ । ਰੱਬ ਕਿਸੇ ਨੂੰ ਅਜਿਹੇ ਆਦੇਸ਼ ਨਹੀਂ ਦਿੰਦਾ ਜੋ ਉਸ ਦੀ ਸਮਰਥਾ ਤੋਂ ਵੱਧ ਹੋਵੇ, ਸਗੋਂ ਅਜਿਹੇ ਹੀ ਆਦੇਸ਼ ਦਿੰਦਾ ਹੈ ਜਿੰਨ੍ਹਾ ਦੇ ਪੂਰਾ ਕਰਨ ਦਾ ਸੰਜੋਗ ਵੀ ਉਹਨਾ ਨੂੰ ਬਖ਼ਸ਼ਿਆ ਹੋਵੇ । ਸੋ, ਜੇਕਰ ਕੋਈ ਵਿਅਕਤੀ ਰੱਬ ਦੇ ਆਦੇਸ਼ਾਂ ਉਪੱਰ ਅਮਲ ਕਰਦਿਆਂ ਹੋਇਆਂ ਦੁੱਧ ਪਿਆਉਣ ਵਾਲੀ ਇਸਤਰੀ ਦੀ ਮਜ਼ਦੂਰੀ ਸਹੀ ਰੂਪ ਵਿੱਚ ਦੇਵੇਗਾ ਤਾਂ ਜੇਕਰ ਉਹ ਤੰਗੀ ਦੀ ਹਾਲਤ ਵਿੱਚ ਵੀ ਹੈ, ਰੱਬ ਓਸਦੀ ਖੁੱਲ ਡੁੱਲ ਦੇ ਸਾਧਨ ਪੈਦਾ ਕਰ ਦੇਵੇਗਾ ।"

(ਸੂਰਤ ਤਲਾਕ–7,8)

## ਇਕ ਤੋਂ ਵੱਧ ਪਤਨੀਆਂ ਬਾਰੇ

ਕਿਸੇ ਵੀ ਧਰਮ ਵਿੱਚ ਬਹੁਤੀਆਂ ਪਤਨੀਆਂ ਨੂੰ ਇਲਾਹੀ ਹੁਕੁਮ ਰਾਹੀਂ ਵਿਸ਼ੇਸ਼ ਕਰਕੇ ਮਨਾ ਨਹੀਂ ਕੀਤਾ ਗਿਆ, ਅਤੇ ਨ ਹੀ ਇਸਲਾਮ ਤੋਂ ਬਿਨਾ ਕਿਸੇ ਹੋਰ ਧਰਮ ਵਿੱਚ ਇਹਨਾ ਦੀ ਗਿਣਤੀ ਉਪੱਰ ਪਾਬੰਦੀ ਲਾਈ ਗਈ ਹੈ । ਇਸਲਾਮ ਬਹੁ ਪਤਨੀਆਂ ਦੀ ਆਗਿਆ ਤਾਂ ਦਿੰਦਾ ਹੈ ਪਰ ਇਸ ਦੀ ਗਿਣਤੀ ਚਾਰ ਤੱਕ ਸੀਮਤ ਰਖੱਦਾ ਹੈ ਅਤੇ ਇਹ ਆਗਿਆ ਵੀ ਉਹਨਾ ਨਾਲ ਨਿਆਏ ਪੂਰਬਕ ਵਰਤਾਉ ਦੀ ਸ਼ਰਤ ਨਾਲ ਹੈ ।

"ਜੇਕਰ ਤੁਹਾਨੂੰ ਇਹ ਡਰ ਹੋਵੇ ਕਿ ਤੁਸੀਂ ਉਹਨਾ ਨਾਲ ਨਿਆਏ ਨਹੀਂ ਕਰ ਸਕੋਗੇ ਤਾਂ ਇਕ ਹੀ ਇਸਤਰੀ ਨਾਲ ਨਿਕਾਹ ਕਰੋ ।"

(ਸੂਰਤ ਨਿਸਾ : 4)

ਇਕ ਤੋਂ ਵੱਧ ਪਤਨੀਆਂ ਹੋਣ ਦੀ ਅਵਸਥਾ ਵਿੱਚ ਔਰਤ ਨਾਲ ਨਿਆਏ ਦਾ ਵਰਤਾਉ ਕਰਨ ਦੇ ਇਹ ਅਰਥ ਹਨ ਕਿ ਉਹਨਾ ਦੇ ਖਾਣ ਪੀਣ, ਪਾਉਣ ਅਤੇ ਫ਼ੈਲੋਸ਼ਿਪ ਦੇ ਮਾਮਲਿਆਂ ਵਿੱਚ ਬਰਾਬਰ ਸੂਲੂਕ ਹੋਵੇ । ਹੋਰਨਾ ਸ਼ਬਦਾਂ ਵਿੱਚ ਜਿੰਨ੍ਹਾ ਕਾਰਜਾਂ ਵਿੱਚ ਬਰਾਬਰ ਵੰਡ ਹੋ ਸਕਦੀ ਹੈ ਉਹਨਾ ਵਿੱਚ ਜ਼ਰੂਰੀ ਹੈ ਕਿ ਬਰਾਬਰ ਵੰਡ ਹੋਵੇ, ਅਤੇ ਜਿੰਨ੍ਹਾ ਕਾਰਜਾ ਵਿੱਚ ਮਨੁੱਖ ਦਾ ਅਖ਼ਤਿਆਰ ਨ ਹੋਵੇ ਉਸ ਵਿੱਚ ਸਮਾਨਤਾ ਦਾ ਹੁਕਮ ਨਹੀਂ । ਜਿਵੇਂ ਮਾਨਸਕ ਨੇੜਤਾ ਅਤੇ ਇਸ਼ਕ ਪ੍ਰੇਮ ਆਦਿ । ਇਹ ਸਾਧਰਨਤਾ ਕਾਇਦੇ ਤੋਂ ਬਾਹਰ ਹੈ ।

"ਅਲੱਾਹ ਕਿਸੇ'ਤੇ ਸਿਵਾਏ ਇਸ (ਜ਼ਿੰਮੇਦਾਰੀ) ਦੇ ਜੋ ਉਸਦੀ ਸਮਰਥਾ ਵਿੱਚ ਹੋਵੇ ਕੋਈ ਜ਼ਿੱਮੇਦਾਰੀ ਨਹੀਂ ਪਾਉਂਦਾ ।

(ਸੂਰਤ ਬਕਰਾਹ : 287)

ਇਸ ਵਿੱਚ ਇਕ ਵਿਸ਼ੇਸ਼ ਵਰਨਣ ਇਹ ਵੀ ਹੈ :

"ਅਤੇ ਭਾਵੇਂ ਤੁਸੀਂ (ਨਿਆਏ ਕਰਨ ਦਾ ਕਿੰਨ੍ਹਾ ਵੀ) ਜਤਨ ਕਰੋ (ਤਾਂ ਵੀ) ਤੁਸੀਂ ਔਰਤਾਂ ਵਿਚਕਾਰ ਨਿਆਏ ਨਹੀਂ ਕਰ ਸਕਦੇ । ਸੋ, ਤੁਸੀਂ ਉਕੱਾ ਹੀ (ਇਕ ਪਾਸੇ) ਨ ਝੁੱਕ ਜਾਓ (ਜਿਸ ਦਾ ਸਿਟੱਾ ਇਹ ਹੋਵੇ) ਕਿ ਉਸ (ਦੂਜੀ) ਨੂੰ (ਵਿਚਕਾਰ) ਲਮਕਦੀ ਹੋਈ (ਚੀਜ਼) ਵਾਂਗ ਛੱਡ ਦਿਓ, ਅਤੇ ਜੇਕਰ ਤੁਸੀਂ (ਆਪਸ ਵਿੱਚ) ਅਨੁਕੂਲਤਾ ਪੈਦਾ ਕਰੋ ਅਤੇ ਸੰਜਮਤਾ ਧਾਰਨ ਕਰੋ ਤਾਂ (ਚੇਤੇ ਰੱਖੋ ਕਿ) ਰੱਬ ਬਹੁਤ ਬਖ਼ਸ਼ਣ ਵਾਲਾ ਅਤੇ ਵਾਰ ਵਾਰ ਰਹਿਮ ਕਰਨ ਵਾਲਾ ਹੈ।"

(ਸੂਰਤ ਨਿਸਾ 130)

ਨਵੇਂ ਜੁੱਗ ਦੇ ਕੁਝ ਮੁਸਲਿਮ ਲੇਖਕਾਂ ਨੇ ਪਛੱਮ ਤੋਂ ਉਪਕਾਰ ਜਤਾਉਣ ਦੇ ਚਾਅ ਵਿੱਚ ਇਹ ਤਰਕ ਕਢੱਣ ਦਾ ਜਤਨ ਕੀਤਾ ਹੈ ਕਿ ਬਹੁ ਪਤਨੀਆਂ ਦੀ ਆਗਿਆ ਕਿਉਂਕਿ ਬਰਾਬਰ ਵਰਤਾਉ ਦੀ ਸ਼ਰਤ ਨਾਲ ਹੈ (ਸੂਰਤ ਨਿਸਾ : 4) ਅਤੇ ਕੁਰਆਨ ਮਜੀਦ ਵਿੱਚ ਇਕ ਥਾਂ ਬਰਾਬਰ ਹਕੱਾਂ ਦੀ ਪ੍ਰਾਪਤੀ ਅਸੰਭਵ ਕਰਾਰ ਦਿੱਤੀ ਗਈ ਹੈ (ਸੂਰਤ ਨਿਸਾ : 130) । ਇਸ ਲਈ ਇਸਦੇ ਸਿੱਟੇ ਵੱਜੋਂ ਇਹ ਆਗਿਆ ਰੱਦ ਹੋ ਗਈ ਹੈ । ਇਸ ਪ੍ਰਕਾਰ ਦੀ ਵਿਆਖਿਆ ਉਕੱਾ ਹੀ

ਗ਼ਲਤ ਤੇ ਬੇ ਬੁਨਿਆਦ ਹੈ । ਸੂਰਤ ਨਿਸਾ ਇਕ ਸੌ ਤੀਹਵੀਂ ਆਇਤ ਦਾ ਅਸਲ ਆਪ ਬਹੁ ਪਤਨੀਆਂ ਦੇ ਅਰੰਭ ਨੂੰ ਸੰਭਵ ਕਰਾਰ ਦਿੰਦਾ ਹੈ । ਇਸ ਤੋਂ ਬਿਨਾ ਸੂਰਤ ਨਿਸਾ ਦੀ ਇਸ ਆਇਤ ਦੀ ਵਿਆਖਿਆ ਵਿੱਚ ਨ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਜਾਂ ਆਪਦੇ ਸਹਾਬਾ ਨੇ ਇਹ ਫ਼ਰਮਾਇਆ ਕਿ ਇਹ ਆਗਿਆ ਇਸੇ ਸੂਰਤ ਦੀ ਚੌਥੀ ਆਇਤ ਨਾਲ ਰੱਦ ਹੋ ਗਈ ਹੈ ਅਤੇ ਨ ਹੀ ਕਿਸੇ ਸਦੀ ਵਿੱਚ ਨਿਆਂਇਕ ਇਸਲਾਮ ਨੇ ਅਜਿਹੀ ਵਿਆਖਿਆ ਨੂੰ ਸਰਾਹਿਆ ਹੈ । ਸੱਚ ਤਾਂ ਇਹ ਹੈ ਕਿ ਇਸਲਾਮੀ ਪ੍ਰੀਭਾਸ਼ਾ ਤੇ ਵਰਤੋਂ ਦੇ ਪੱਖੋਂ ਇਕ ਅਜਿਹਾ ਸਾਧਨ ਹੈ ਜੋ ਕਿ ਉਚੱ ਕਦਰਾਂ ਕੀਮਤਾਂ ਦੇ ਵਿਕਾਸ ਅਤੇ ਪੁਰੁਸ਼ ਤੇ ਇਸਤਰੀ ਦੋਹਾਂ ਦੀ ਸ਼ੁਧੱਤਾ ਦੀ ਸੁਰੱਖਿਆ ਲਈ ਉਚੱ ਗੁਣਵਤੱਾ ਤੇ ਸਿਆਣਪ ਨਾਲ ਗਠਨ ਹੋਇਆ ਹੈ । ਇਸਨੂੰ ਲਾਹੇਵੰਦ ਆਚਰਣਕ ਤੇ ਸਮਾਜਕ ਸੁਰੱਖਿਆ ਵਾਲਵ (Safety valve) ਕਿਹਾ ਜਾ ਸਕਦਾ ਹੈ । ਅਜਿਹੇ ਸੁਰੱਖਿਆ ਵਾਲਵਾਂ ਦੀ ਘਾਟ ਦਾ ਸਿਟੱਾ ਹੈ ਕਿ ਇਕ ਪਤਨੀ ਦੇ ਨੀਯਮ ਨੂੰ ਸਖ਼ਤੀ ਨਾਲ ਲਾਗੂ ਕਰਨ ਵਾਲੇ ਸਮਾਜ ਅਸ਼ਲੀਲਤਾ, ਜਿਨਸ ਪ੍ਰਸਤੀ, ਸਮ ਲਿੰਗਤਾ ਅਤੇ ਪਸ਼ੂਤਾ ਤੋਂ ਚੂਰ ਚੂਰ ਹੋ ਰਹੇ ਹਨ । ਬੇਲਗਾਮ ਸੈਕਸ ਪ੍ਰਸਤੀ ਨੂੰ ਆਪਣਾ ਕਰਮ ਬਣਾ ਕੇ ਅਖ਼ਲਾਕੀ ਕਦਰਾਂ ਕੀਮਤਾਂ ਦੇ ਇਨਕਾਰੀ ਹੋ ਗਏ ਹਨ ।

ਇਕ ਪਤਨੀ ਤੇ ਬਹੁ ਪਤਨੀਆਂ ਵਿੱਚ ਆਚਰਣਕ ਲੀਕ ਨਹੀਂ ਮਾਰਨੀ ਚਾਹੀਦੀ ਸਗੋਂ ਪ੍ਰਬੰਧ ਅਤੇ ਜਾਇਜ਼ ਹੋਣ ਵਿੱਚ ਖਿਚੱਣੀ ਚਾਹੀਦੀ ਹੈ । ਅਖ਼ਲਾਕੀ ਰੋਕ ਨ ਹੋਣ ਦੇ ਸਬਬ ਸੰਭਵ ਹੈ ਕਿ ਇਕ ਪਤਨੀ ਅਤੇ ਬਹੁ ਪਤਨੀ ਦੋਹਾਂ ਤੋਂ ਨਾਜਾਇਜ਼ ਲਾਭ ਚੁੱਕਿਆ ਜਾਏ । ਇਹ ਵਾਸਤਵ ਵਿੱਚ ਸੰਬੰਧਾਂ ਦੀ ਪ੍ਰਕ੍ਰਿਤੀ ਹੈ ਜੋ ਇਸ ਨੂੰ ਚੁਕੱਦਾ ਜਾਂ ਢਾਉਂਦਾ ਹੈ । ਜਿਵੇਂ ਕਿ ਪਹਿਲਾਂ ਵਰਨਣ ਕੀਤਾ ਗਿਆ ਹੈ ਕਿ ਨਿਕਾਹ ਦਾ ਸਭ ਤੋਂ ਵਡੱਾ ਮੰਤਵ ਇਲਾਹੀ ਰਜ਼ਾ ਹੈ । ਇਉਂ, ਇਸਲਾਮ ਪੂਰਨ ਬੋਧ, ਅਨੁਸ਼ਾਸਨ ਅਤੇ ਅਭਿਆਸ ਰਾਹੀਂ ਸਾਰੀਆਂ ਸ਼ਕਤੀਆਂ ਤੇ ਸਮਰਥਾਵਾਂ ਦੀ ਲਾਹੇਵੰਦ ਪ੍ਰਗਤੀ ਉਤਪੰਨ ਕਰਦਾ ਹੈ ਅਤੇ ਇਹਨਾ ਨੂੰ ਦੱਬੇ ਜਾਣ ਤੇ ਮਜ਼ਾਕੀਆਂ ਬਨਾਉਣ ਦਾ ਖੰਡਨ ਕਰਦਾ ਹੈ ।

ਇਸਲਾਮ ਦੇ ਅਰੰਭ ਵਿੱਚ ਇਲਾਹੀ ਨਿਮੰਤਰਣ ਨੂੰ ਪਰਵਾਨ ਕਰਨਾ ਸੰਭਵਤਾ ਜਾਨ ਗੁਆਉਣਾ ਸੀ । ਮੱਕੇ ਵਿੱਚ ਬਹੁਤਿਆਂ ਨੇ ਆਪਣੀ ਜਾਨ ਦੇ ਨਜ਼ਰਾਨੇ ਭੇਂਟ ਕੀਤੇ ਅਤੇ ਬਹੁਤ ਲੋਕਾਂ ਨੂੰ ਮਦੀਨਿ ਵਿੱਚ, ਹੋਰਨਾ ਖੇਤਰਾਂ ਵਿੱਚ ਅਤੇ ਰਣਖੇਤਰਾਂ ਵਿੱਚ ਆਪਣੀਆਂ ਜਾਨਾ ਵਾਰਨੀਆਂ ਪਈਆਂ । ਭਾਵੇਂ ਇਸਤਰੀਆਂ ਇਸ ਤੋਂ ਛੁਟੀਆ ਹੋਈਆਂ ਨਹੀਂ ਸਨ । ਪਰੰਤੂ ਪੁਰਸ਼ਾਂ ਦੀ ਤੁਲਨਾ ਵਿੱਚ ਇਹਨਾ ਵਿੱਚ ਬਹੁਤ ਹੀ ਘੱਟ ਔਰਤਾਂ ਨੂੰ ਇਸ ਮਹਾਨ ਕੁਰਬਾਨੀ ਦਾ ਮੌਕਾ ਪ੍ਰਾਪਤ ਹੋਇਆ । ਜਿਸ ਦੇ ਸਿੱਟੇ ਵਿੱਚ ਇਸਤਰੀਆਂ ਦੀ ਗਿਣਤੀ ਪੁਰੁਸ਼ਾਂ ਦੀ ਤੁਲਨਾ ਵਿੱਚ ਬਹੁਤ ਵੱਧ ਗਈ । ਵਿਧਵਾਵਾਂ, ਯਤੀਮ ਬੱਚੇ ਬੱਚੀਆਂ ਲਈ ਰੋਟੀ ਰੋਜ਼ੀ ਦੇ ਸਾਧਨ ਉਪਲਭਧ ਕਰਾਉਂਣੇ ਸਨ । ਅਜਿਹੀ ਅਵਸਥਾ ਵਿੱਚ ਆਚਰਣਕ ਤੇ ਰੂਹਾਨੀ ਕਦਰਾਂ ਕੀਮਤਾਂ ਦੀ ਸੁਰੱਖਿਆ ਦੇ ਤਕਾਦੇ ਦੇ ਸਬਬ ਬਹੁ ਪਤਨੀਆਂ ਇਕ ਕਰਤਵ ਬਣ ਜਾਂਦਾ ਹੈ । ਇਕ ਕੁਰਬਾਨੀ ਬਣ ਜਾਂਦੀ ਹੈ, ਨ ਕਿ ਨਫ਼ਸ ਪ੍ਰਸਤੀ ।

ਇਸ ਤੋਂ ਬਿਨਾ ਵੀ ਵਿਅਕਤੀਗਤ, ਸਮਾਜਕ, ਰਾਜਨੈਤਿਕ ਅਤੇ ਧਾਰਮਕ ਤਕਾਦਿਆਂ ਕਰਕੇ ਬਹੁ ਪਤਨੀ ਲਾਜ਼ਮੀ ਸੀ । ਵਰਤਮਾਨ ਯੁੱਗ ਵਿੱਚ ਹਾਲਾਤ ਬਦਲ ਗਏ ਹਨ । ਬੇਸ਼ਕ ਅਫ਼ਰੀਕਾ ਤੋਂ ਬਾਹਰ ਇਕ ਪਤਨੀ ਇਕ ਨਿਯਮ ਬਣਦਾ ਜਾ ਰਿਹਾ ਹੈ । ਪਰ ਵਿਕਤੀਗੱਤ ਕਾਰਜਾਂ ਵਿੱਚ ਹਰ ਥਾਂ ਆਚਰਣਕ ਕਦਰਾਂ ਕੀਮਤਾਂ ਇਹ ਤਕਾਦਾ ਕਰਦੀਆਂ ਹਨ ਕਿ ਇਕ ਤੋਂ ਵੱਧ ਪਤਨੀਆਂ ਹੋਣ। ਇਸਲਾਮ ਅਜਿਹੇ ਕਾਰਜਾਂ ਲਈ ਵੀ ਵਿਵਸਥਾ ਕਰਦਾ ਹੈ ।

ਮੁਸਲਮਾਨਾ ਵਿੱਚ ਬਹੁ ਪਤਨੀਆਂ ਕੋਈ ਨਿੰਦਨੀ ਕਾਰਜ ਨਹੀਂ ਹੈ । ਇਕ ਪਤਨੀ ਵਾਂਗ ਇਸ ਨੂੰ ਵੀ ਸਨਮਾਨ ਪ੍ਰਾਪਤ ਹੈ । ਪਤਨੀ ਤੇ ਸੰਤਾਨ ਵਿੱਚ ਕਿਸੇ ਪ੍ਰਕਾਰ ਦਾ ਮਤਿਭੇਦ ਨਹੀਂ ਕੀਤਾ ਜਾਂਦਾ ।

## ਮਾਂ

ਇਸਲਾਮ ਨੇ ਮਾਂ ਨੂੰ ਸਨਮਾਨ ਦਾ ਇਕ ਮਹਾਨ ਅਸਥਾਨ ਦਿਤੱਾ ਹੈ । ਜਿਸ ਪ੍ਰਕਾਰ ਦਾ ਪ੍ਰੇਮ ਤੇ ਨੇਕੀ ਅਤੇ ਨਰਮ ਦਿਲੀ ਦਾ ਮਾਂਪਿਆਂ ਵਿਸ਼ੇਸ਼ ਕਰਕੇ ਮਾਂ

ਹਕੱਦਾਰ ਹੈ, ਉਹਨਾ ਬਾਰੇ ਕੁਰਆਨ ਕਰੀਮ ਵਿੱਚ ਵਾਰ ਵਾਰ ਜ਼ੋਰ ਦਿਤੱਾ ਗਿਆ ਹੈ ।

"ਅਤੇ ਅਸੀਂ ਮਨੁੱਖ ਨੂੰ ਆਪਣੇ ਮਾਂ ਬਾਪ ਨਾਲ ਚੰਗਾ ਵਰਤਾਉ ਕਰਨ ਦਾ ਆਦੇਸ਼ ਦਿਤੱਾ ਹੈ ।"

(ਸੂਰਤ ਅਨਕਬੂਤ : 9)

"ਤੂੰ (ਉਹਨਾ ਨੂੰ) ਕਹਿ ਕਿ ਆਓ, ਜੋ ਤੁਹਾਡੇ ਰੱਬ ਨੇ ਤੁਹਾਡੇ ਉਪੱਰ ਹਰਾਮ ਕੀਤਾ ਹੈ, ਮੈਂ ਤੁਹਾਨੂੰ ਪੜ੍ਹਕੇ ਸੁਣਾਵਾਂ (ਉਸ ਦਾ ਹੁਕਮ ਹੈ) ਕਿ ਤੁਸੀਂ ਉਸਦੇ ਨਾਲ ਕਿਸੇ ਚੀਜ਼ ਨੂੰ ਸ਼ਰੀਕ (ਸ਼ਾਮਲ) ਨ ਕਰੋ ਅਤੇ ਮਾਂ ਬਾਪ ਨਾਲ ਉਪਕਾਰ ਕਰੋ ।"

(ਸੂਰਤ ਅਨਾਮ : 152)

"ਅਤੇ ਤੁਸੀਂ ਰੱਬ ਦੀ ਇਬਾਦਤ ਕਰੋ ਅਤੇ ਕਿਸੇ ਚੀਜ਼ ਨੂੰ ਉਸ ਦਾ ਸ਼ਰੀਕ ਨ ਬਣਾਓ ਅਤੇ ਮਾਂ ਬਾਪ ਨਾਲ ਬਹੁਤ ਚੰਗਾ ਸੁਲੂਕ ਕਰੋ ।"

(ਸੂਰਤ ਨਿਸਾ : 37)

"ਤੇਰੇ ਰੱਬ ਨੇ (ਇਸ ਗੱਲ ਦਾ) ਤਕੀਦੀ ਆਦੇਸ਼ ਦਿਤੱਾ ਹੈ ਕਿ ਤੁਸੀਂ ਉਸ ਤੋਂ ਬਿਨਾ ਕਿਸੇ ਦੀ ਇਬਾਦਤ ਨ ਕਰੋ ਅਤੇ (ਇਹ ਕਿ) ਆਪਣੇ ਮਾਂ ਬਾਪ ਨਾਲ ਚੰਗਾ ਸੁਲੂਕ ਕਰੋ । ਜੇਕਰ ਉਹਨਾ ਵਿੱਚੋਂ ਕਿਸੇ ਇਕ'ਤੇ ਜਾਂ ਦੋਹਾਂ'ਤੇ ਤੇਰੇ ਜੀਵਨ ਕਾਲ ਵਿੱਚ ਬੁਢੇਪਾ ਆ ਜਾਏ, ਤਾਂ ਉਹਨਾ ਨੂੰ (ਉਹਨਾ ਦੀ ਕਿਸੇ ਗੱਲ'ਤੇ ਨਾਪਸੰਦੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ) ਉਫ਼ ਤੱਕ ਨ ਕਹਿ ਅਤੇ ਨ ਹੀ ਉਹਨਾਂ ਨੂੰ ਝਿੜਕਾਂ ਮਾਰ ਅਤੇ ਉਹਨਾ ਨਾਲ ਹਮੇਸ਼ਾ ਨਰਮੀ ਨਾਲ ਗੱਲ ਕਰ । ਅਤੇ ਰਹਿਮ ਦੀ ਭਾਵਨਾ ਹੇਠ ਉਹਨਾ ਸਾਹਮਣੇ ਵਿਨਮ੍ਰਤਾ ਦਾ ਰੂਪ ਧਾਰਨ ਕਰ ਅਤੇ (ਉਹਨਾ ਲਈ ਦੁਆ ਕਰਦੇ ਸਮੇਂ) ਕਿਹਾ ਕਰ (ਹੇ ਮੇਰੇ ਰੱਬ!) ਇਹਨਾ ਉਪੱਰ ਮਿਹਰ ਕਰ ਕਿਉਂਕਿ ਇਹਨਾ ਨੇ ਮੇਰੇ ਬਚਪੁਣੇ ਦੀ ਅਵਸਥਾ ਵਿੱਚ ਮੇਰੀ ਪਾਲਣਾ ਕੀਤੀ ਸੀ ।"

(ਸੂਰਤ ਬਨੀ ਇਸਰਾਈਲ : 24,25)

"ਮਨੁੱਖ ਨੂੰ ਆਪਣੇ ਮਾਂ ਬਾਪ ਬਾਰੇ (ਉਪਕਾਰ ਕਰਨ ਦਾ) ਤਾਕੀਦੀ ਹੁਕਮ ਦਿੱਤਾ ਸੀ (ਅਤੇ) ਉਸ ਦੀ ਮਾਂ ਨੇ ਉਸਨੂੰ ਕਮਜ਼ੋਰੀ ਦੇ (ਇਕ ਦੌਰ) ਦੇ ਬਾਦ ਕਮਜ਼ੋਰੀ ਦੇ (ਦੂਜੇ ਦੌਰ) ਵਿੱਚ ਚੁੱਕਿਆ ਸੀ । ਅਤੇ ਉਸਦਾ ਦੁੱਧ ਛੁਡਾਉਂਣਾ ਦੋ ਸਾਲ ਦੇ ਸਮੇਂ ਵਿੱਚ ਸੀ । (ਚੇਤੇ ਰੱਖੋ ਕਿ) ਮੇਰੇ ਹੀ ਵੱਲ (ਤੈਨੂੰ) ਪਰਤ ਕੇ ਆਉਂਣਾ ਹੋਵੇਗਾ ।"

(ਸੂਰਤ ਲੁਕਮਾਨ : 15)

"ਅਤੇ ਅਸੀਂ ਮਨੁੱਖ ਨੂੰ ਆਪਣੇ ਮਾਂ ਬਾਪ ਨਾਲ ਉਪਕਾਰ ਕਰਨ ਦੀ ਸਿੱਖਿਆ ਦਿੱਤੀ ਸੀ ਕਿਉਂਕਿ ਉਸ ਦੀ ਮਾਂ ਨੇ ਉਸ ਨੂੰ ਕਸ਼ਟ ਨਾਲ ਆਪਣੇ ਗਰਭ ਵਿੱਚ ਚੁੱਕਿਆ ਸੀ ਅਤੇ ਦੁੱਖ ਨਾਲ ਉਸਨੂੰ ਜਣਿਆ ਸੀ ਅਤੇ ਉਸਨੂੰ ਚੁਕੱਣ ਤੇ ਉਸ ਦੇ ਦੁੱਧ ਛੁਡਾਉਣ ਤੱਕ ਤੀਹ ਮਹੀਂਨਿ ਲੱਗੇ ਸਨ । ਫਿਰ ਜੱਦ ਇਹ ਮਨੁੱਖ ਆਪਣੀ ਭਰਪੂਰ ਜਵਾਨੀ ਅਰਥਾਤ 40 ਸਾਲ ਨੂੰ ਪਹੁੰਚ ਗਿਆ ਤਾਂ ਉਸ ਨੇ ਕਿਹਾ, ਹੇ ਮੇਰੇ ਰੱਬ ! ਮੈਨੂੰ ਇਸ ਗੱਲ ਦਾ ਸੰਜੋਗ ਪ੍ਰਦਾਨ ਕਰ ਕਿ ਮੈਂ ਤੇਰੀਆਂ ਨੇਮਤਾਂ ਦਾ ਸ਼ੁਕਰਾਨਾ ਕਰਾਂ ਜੋ ਤੂੰ ਮੇਰੇ'ਤੇ ਅਤੇ ਮੇਰੇ ਮਾਂ ਬਾਪ ਉਪੱਰ ਕੀਤੇ ਹਨ ਅਤੇ (ਇਸ ਗੱਲ ਦੀ ਤੌਫ਼ੀਕ ਪ੍ਰਦਾਨ ਕਰ) ਕਿ ਮੈਂ ਚੰਗੇ ਕਰਮ ਕਰਾਂ ਜਿੰਨ੍ਹਾ ਨੂੰ ਤੂੰ ਪਸੰਦ ਕਰੇਂ ਅਤੇ ਮੇਰੀ ਸੰਤਾਨ ਵਿੱਚ ਵੀ ਨੇਕੀ ਦੀ ਨੀਂਹ ਕਾਇਮ ਕਰ । ਮੈਂ ਤੇਰੇ ਵੱਲ ਝੁਕੱਦਾ ਹਾਂ ਅਤੇ ਮੈਂ ਤੇਰੇ ਆਗਿਆਕਾਰ ਬੰਦਿਆਂ ਵਿੱਚੋਂ ਹਾਂ।"

(ਸੂਰਤ ਅਹਕਾਫ਼ : 16)

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਇਆ : ਤੁਹਾਡੇ ਵਿੱਚੋਂ ਚੰਗੇ ਉਹ ਹਨ ਜੋ ਆਪਣੇ ਪਰਿਵਾਰ ਨਾਲ ਚੰਗਾ ਸੁਲੂਕ ਕਰਦੇ ਹਨ । ਸਵਰਗ ਮਾਂ ਦੇ ਪੈਰ੍ਹਾਂ ਹੇਠ ਹੈ । ਫ਼ਰਮਾਇਆ ਜੋ ਵਿਅਕਤੀ ਆਪਣੀਆਂ ਬੇਟੀਆਂ ਦੀ ਚੰਗੀ ਪਾਲਣਾ ਕਰਦਾ ਹੈ ਅਤੇ ਆਪਣੇ ਪੁਤੱਰਾਂ ਨਾਲ ਅੰਤਰ ਨਹੀਂ ਕਰਦਾ, ਉਹ ਸਵਰਗ ਵਿੱਚ ਮੇਰੇ ਨਾਲ ਹੋਵੇਗਾ ।

# ਇਸਤਰੀ ਦਾ ਆਰਥਕ ਪੱਖੋਂ ਅਸਥਾਨ

ਵਿਸ਼ਵ ਭਰ ਦੇ ਧਰਮਾ ਵਿੱਚ ਇਸਲਾਮ ਹੀ ਇਕ ਅਜਿਹਾ ਧਰਮ ਹੈ ਜਿਸ ਨੇ ਔਰਤ ਨੂੰ ਸਭ ਤੋਂ ਪਹਿਲਾਂ ਆਰਥਕ ਆਜ਼ਾਦੀ ਦਿੱਤੀ ਹੈ । ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਹੈ ਕਿ 1882 ਈ. ਵਿੱਚ ਬਰਤਾਨਵੀ ਪਾਰਲੀਮੈਂਟ ਵਿੱਚ ਸਭ ਤੋਂ ਪਹਿਲਾਂ ਨਿਕਾਹ ਵਿੱਚ ਆਈ ਇਸਤਰੀ ਦੇ ਜਾਇਦਾਦ ਦੇ ਹੱਕ ਨੂੰ ਕਾਨੂਨੀ ਰੂਪ ਵਿੱਚ ਸਵੀਕਾਰ ਕੀਤੇ ਜਾਣ ਤੱਕ ਇਸਤਰੀ ਆਪਣੇ ਪਤੀ ਤੋਂ ਅੱਡ ਅਜ਼ਾਦ ਰੂਪ ਵਿੱਚ ਜਾਇਦਾਦ ਨਹੀਂ ਰੱਖ ਸਕਦੀ ਸੀ । ਕਿਸੇ ਵੀ ਕੁਆਰੀ ਲੜਕੀ ਦੀ ਜਾਇਦਾਦ ਵਿਆਹ ਦੇ ਬਾਦ ਆਪਣੇ ਆਪ ਆਪਣੇ ਪਤੀ ਕੋਲ ਚਲੀ ਜਾਂਦੀ ਸੀ । ਸੌ ਸਾਲ ਬਾਦ ਵੀ ਬਰਤਾਨਵੀ ਕਾਨੂਨ ਦੇ ਕੁਝ ਪੱਖ ਅਜਿਹੇ ਹਨ ਜਿੰਨ੍ਹਾ ਵਿੱਚ ਇਸਤਰੀ ਨੂੰ ਆਪਣੇ ਪਤੀ ਦੀ ਮੁਥਾਜੀ ਵਿੱਚ ਰਹਿਣਾ ਪੈਂਦਾ ਹੈ ।

ਇਸਤਰੀ ਦੀ ਆਜ਼ਾਦ ਆਰਥਕ ਅਵਸਥਾ ਇਸਲਾਮ ਵਿੱਚ ਅਰੰਭ ਤੋਂ ਹੀ ਸਥਾਪਤ ਕੀਤੀ ਗਈ ਹੈ । ਇਸ ਗੱਲ ਦਾ ਵਰਨਣ ਹੋ ਚੁੱਕਿਆ ਹੈ ਕਿ ਵਿਆਹ ਸਮੇਂ ਪਤੀ ਆਪਣੀ ਪਤਨੀ ਨੂੰ ਆਪਣੀ ਸਮਰਥਾ ਅਨੁਸਾਰ ਆਰਥਕ ਲਾਭ ਦੇਣ ਦਾ ਜ਼ਿੰਮੇਦਾਰ ਹੈ ਜਿਸ ਨੂੰ ਮਹਿਰ ਕਿਹਾ ਜਾਂਦਾ ਹੈ । ਪਤੀ ਦੇ ਦੇਹਾਂਤ'ਤੇ ਜੇਕਰ ਮਹਿਰ ਨ ਦਿਤੱਾ ਗਿਆ ਹੋਵੇ ਤਾਂ ਉਸਦੇ ਤਰਕੇ ਵਿੱਚੋਂ ਫ਼ੌਰੀ ਤੌਰ'ਤੇ ਦਿੱਤੇ ਜਾਣ ਵਾਲੇ ਸਾਰਿਆਂ ਕਰਜ਼ਿਆਂ ਵਿੱਚੋਂ ਪ੍ਰਾਥਮਿਕਤਾ ਹਾਸਲ ਹੈ । ਇਸ ਤੋਂ ਬਿਨਾ ਵਿਧਵਾ ਆਪਣੇ ਪਤੀ ਦੀ ਜਾਇਦਾਦ ਵਿੱਚ ਵੀ ਕਾਨੂਨੀ ਤੌਰ'ਤੇ ਭਾਗੀਦਾਰ ਹੈ । ਕੋਈ ਵੀ ਜਾਇਦਾਦ ਜੋ ਕਿ ਇਸਤਰੀ ਆਪਣੀ ਮਿਹਨਤ ਜਾਂ ਵਿਰਾਸਤ ਜਾਂ ਤੁਹਫ਼ੇ ਦੇ ਰੂਪ ਵਿੱਚ ਹਾਸਲ ਕਰ ਲਏ ਉਹ ਉਸਦੀ ਮਲਕੀਯਤ ਹੈ, ਜਿੰਨ੍ਹਾ'ਤੇ ਉਹ ਆਪਣੇ ਪਤੀ ਤੋਂ ਅਜ਼ਾਦਾਨਾ ਰੂਪ ਵਿੱਚ ਕਬਜ਼ਾ ਰਖੱਦੀ ਹੈ । ਹਾਂ, ਇਸਤਰੀ ਆਪਣੇ ਪਤੀ ਨੂੰ ਇਹਨਾ ਜਾਇਦਾਦਾਂ ਦਾ ਪ੍ਰਬੰਧਕ ਤਾਂ ਬਣਾ ਸਕਦੀ ਹੈ ਪਰ ਜੇਕਰ ਉਹ ਉਹਨਾ ਨੂੰ ਆਪ ਚਲਾਉਂਣਾ ਚਾਹੇ ਜਾਂ ਨਿਗਰਾਨੀ ਕਰਨਾ ਚਾਹੇ ਤਾਂ ਪੁਰੁਸ਼ ਉਸ ਦੀ ਨਿਗਰਾਨੀ ਵਿੱਚ ਦਖ਼ਲਾ ਨਹੀਂ ਕਰ ਸਕਦਾ । ਉਹ ਵਿਆਹੁਤਾ

ਇਸਤਰੀ ਜੋ ਕਿ ਆਪਣੇ ਸਾਧਨ ਰਖੱਦੀ ਹੈ ਉਸ ਦੇ ਸਾਧਨਾ ਵਿੱਚੋਂ ਇਕ ਹਿੱਸਾ ਜਾਂ ਸਾਰੇ ਸਾਧਨ ਘਰ ਚਲਾਉਣ ਵਿੱਚ ਖ਼ਰਚ ਹੋ ਸਕਦੇ ਹਨ ਅਤੇ ਅਧਿਕਤਰ ਅਜਿਹਾ ਹੁੰਦਾ ਵੀ ਹੈ । ਪਰੰਤੂ ਅਜਿਹਾ ਕਰਨ ਲਈ ਉਹ ਪਾਬੰਦ ਨਹੀਂ ਹੈ । ਘਰ ਚਲਾਉਣ ਦੀ ਪੂਰੀ ਜ਼ਿੰਮੇਦਾਰੀ ਪਤੀ ਦੀ ਹੈ ਭਾਵੇਂ ਉਸ ਦੀ ਪਤਨੀ ਆਪਣੀ ਪਤੀ ਤੋਂ ਕਿੰਨ੍ਹੀ ਹੀ ਮਾਲਦਾਰ ਕਿਉਂ ਨ ਹੋਵੇ । ਹੇਠ ਲਿਖੀ ਗੱਲ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ।

ਇਕ ਵਾਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਔਰਤਾਂ ਨੂੰ ਇਹ ਨਸੀਹਤ ਕੀਤੀ ਕਿ ਉਹ ਆਪਣੇ ਸਾਧਨਾਂ ਵਿੱਚੋਂ ਸਦਕਾ (ਦਾਨ) ਦੇਣ । ਸੋ, ਇਕ ਨਾਂ ਦੀਆਂ ਦੋ ਔਰਤਾਂ ਜੋ ਕਿ ਜ਼ੈਨਬ ਨਾਂ ਰਖੱਦੀਆਂ ਸਨ ਅਤੇ ਉਹਨਾ ਵਿੱਚ ਇਕ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਪ੍ਰਸਿੱਧ ਸਹਾਬੀ ਅਬਦੁਲੱਾਹ ਬਿਨ ਮਸਊਦ ਰਜ਼ੀ ਅਲੱਾਹ ਅਨਹੁ ਦੀ ਪਤਨੀ ਸਨ ਆਪ ਸਲਲੱਾਹੁ ਅਲੈਹਿ ਵਸਲਮ ਕੋਲ ਆਈ ਅਤੇ ਉਹਨਾ ਨੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ! ਸਾਡੇ ਪਤੀ ਸੀਮਿਤ ਸਾਧਨ ਰਖੱਦੇ ਹਨ ਜੱਦ ਕਿ ਸਾਡੀ ਆਰਥਕ ਹਾਲਤ ਬਹੁਤ ਚੰਗੀ ਹੈ ਤਾਂ ਕੀ ਆਪਣੇ ਸਾਧਨਾ ਵਿੱਚੋਂ ਸਾਡੇ ਪਤੀ ਦੀ ਮਦਦ ਕਰਨ ਨਾਲ ਸਾਨੂੰ ਪੰਨ੍ਹ ਮਿਲ ਜਾਏਗਾ ? ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਆਪਣੇ ਪਤੀ ਉਪੱਰ ਖ਼ਰਚ ਕਰਨ ਨਾਲ ਤੁਹਾਨੂੰ ਦੂਣਾ ਪੁੰਨ੍ਹ ਮਿਲੇਗਾ ਕਿਉਂਕਿ ਇਕ ਤਾਂ ਉਹ ਉਪਕਾਰ ਹੈ ਦੂਜਾ ਈਤਾਇਜ਼ਿਲ ਕੁਰਬਾ ਹੈ ।

ਅਲੱਾਹ ਤਆਲਾ ਫ਼ਰਮਾਉਂਦਾ ਹੈ :

"ਅਤੇ ਜਿਸ (ਚੀਜ਼ ਰਾਹੀਂ) ਰੱਬ ਨੇ ਤੁਹਾਡੇ ਵਿੱਚੋਂ ਕਈਆਂ (ਦੂਜਿਆਂ) ਉਪੱਰ ਫ਼ਜ਼ੀਲਤ (ਵੱਡਿਆਈ) ਦਿੱਤੀ ਹੈ ਇਸ ਦੀ ਇਛੱਾ ਨ ਕਰੋ । ਜੋ ਕੁਝ ਪੁਰੁਸ਼ਾ ਨੇ ਕਮਾਇਆ ਹੈ ਉਸ ਵਿੱਚ ਉਹਨਾ ਦਾ ਹਿੱਸਾ ਹੈ ਅਤੇ ਜੋ ਕੁਝ ਇਸਤਰੀਆਂ ਨੇ ਕਾਮਾਇਆ ਹੈ ਉਸ ਵਿੱਚ ਉਹਨਾ ਦਾ ਹਿੱਸਾ ਹੈ ਅਤੇ ਤੁਸੀਂ ਰੱਬ ਤੋਂ ਹੀ ਉਸਦੀ ਮਿਹਰ ਦਾ ਹਿੱਸਾ ਮੰਗੋ । ਅਲੱਾਹ ਹਰ ਇਕ ਚੀਜ਼ ਨੂੰ ਨਿਰਸੰਦੇਹ ਬਹੁਤ ਜਾਨਣ ਵਾਲਾ ਹੈ ।"

(ਸੂਰਤ ਨਿਸਾ : 33)

"ਅਤੇ ਹਰ ਇਕ (ਵਿਅਕਤੀ) ਲਈ ਅਸੀਂ ਉਸ ਦੇ ਤਰਕੇ ਬਾਰੇ ਵਾਰਸ ਨਿਰਧਾਰਤ ਕਰ ਦਿੱਤੇ ਹਨ (ਉਹ ਵਾਰਸ) ਮਾਂ ਬਾਪ ਅਤੇ ਨੇੜਲੇ ਸਾਕ ਸੰਬੰਧੀ (ਹਨ) ਅਤੇ ਉਹ ਵੀ ਜਿੰਨ੍ਹਾ ਨਾਲ ਤੁਸੀਂ ਪੱਕੇ ਅਹਿਦ ਤੇ ਸਮਝੌਤੇ ਕੀਤੇ ਹਨ (ਅਰਥਾਤ ਪਤਨੀਆਂ ਜਾਂ ਪਤੀ) ਸੋ, ਉਹਨਾ ਨੂੰ ਵੀ ਉਹਨਾ ਦਾ ਨਿਰਧਾਰਤ ਹਿਸੱਾ ਦਿਓ । ਅਤੇ ਅਲੱਾਹ ਹਰ ਇਕ ਗੱਲ ਦਾ ਯਕੀਨਨ ਨਿਗਰਾਨ ਹੈ ।"

(ਸੂਰਤ ਨਿਸਾ : 34)

ਸੂਰਤ ਨਿਸਾ ਦੀ 12ਵੀਂ, 13ਵੀਂ ਅਤੇ 77ਵੀਂ ਪਵਿਤੱਰ ਆਇਤਾਂ ਵਿੱਚ ਇਸਲਾਮੀ ਵਿਰਾਸਤੀ ਵਿਵਸਥਾ ਦਾ ਵਿਸਥਾਰ ਹੈ । ਜੱਦ ਕਿਸੇ ਦਾ ਦੇਹਾਂਤ ਹੋ ਜਾਂਦਾ ਹੈ ਫਿਰ ਚਾਹੇ ਪੁਰੁਸ਼ ਹੋਵੇ ਜਾਂ ਇਸਤਰੀ ਉਸ ਦੇ ਪਿੱਛੇ ਛੱਡੇ ਹੋਏ ਉਸਦੇ ਮਾਂ ਬਾਪ, ਪਤੀ ਜਾਂ ਪਤਨੀ ਅਤੇ ਪੁਤੱਰ ਪੁਤੱਰੀਆਂ ਸਾਰੇ ਹੀ ਹਿੱਸੇਦਾਰ ਹਨ । ਇਸ ਸੰਬੰਧੀ ਸਾਧਾਰਣ ਨੀਯਮ ਇਹ ਹੈ ਕਿ ਇਕ ਹੀ ਰਿਸ਼ਤੇ ਵਿੱਚ ਨਰ ਨਾਰੀ ਦੀ ਤੁਲਨਾ ਅਨੁਸਾਰ ਨਰ ਨੂੰ ਨਾਰੀ ਤੋਂ ਦੁਗੱਣਾ ਹਿਸੱਾ ਮਿਲਦਾ ਹੈ । ਪਰ ਇਸ ਵਿੱਚ ਇਸਤਰੀ ਨਾਲ ਕੋਈ ਮਤਿਭੇਦ ਨਹੀਂ ਕੀਤਾ ਗਿਆ ਕਿਉਂਕਿ ਘਰ ਦਾ ਭਾਰ ਚੁਕੱਣ ਦੀ ਜ਼ਿੱਮੇਦਾਰੀ ਪੁਰੁਸ਼ ਦੀ ਹੈ ਜੱਦ ਕਿ ਇਸਤਰੀ ਉਪੱਰ ਅਜਿਹੀ ਕੋਈ ਜ਼ਿੱਮੇਦਾਰੀ ਨਹੀਂ ਹੈ । ਅਮਲੀ ਰੂਪ ਵਿੱਚ ਇਹ ਨੀਯਮ ਇਸਤਰੀਆਂ ਦੇ ਹੱਕ ਵਿੱਚ ਬਹੁਤਾ ਲਾਹੇਵੰਦ ਸਾਬਤ ਹੁੰਦਾ ਹੈ ।

ਮੁਸਲਮਾਨ ਇਸ ਗੱਲ ਦਾ ਅਧਿਕਾਰਤ ਨਹੀਂ ਕਿ ਉਹ ਆਪਣੇ ਮਾਲ ਵਿੱਚੋਂ ਇਕ ਤਿਹਾਈ ਤੋਂ ਵੱਧ ਹਿਸੱਾ ਦੂਜਿਆਂ ਦੇ ਹੱਕ ਵਿੱਚ ਵਸੀਯੱਤ ਕਰੇ । ਭਾਵੇਂ ਸਦਕਾ, ਖ਼ੈਰਾਤ, ਦਾਨ ਜਾਂ ਕਿਸੇ ਗ਼ੈਰ ਵਾਰਸ ਨੂੰ ਦੇਵੇ ਉਹ ਇਕ ਤਿਹਾਈ ਤੋਂ ਬਹੁਤਾ ਨ ਹੋਵੇ । ਨ ਹੀ ਕਿਸੇ ਵਾਰਸ ਦੇ ਹਿੱਸੇ ਨੂੰ ਵਸੀਯੱਤ ਰਾਹੀਂ ਵਧਾਉਂਣਾ ਜਾਂ ਘਟਾਉਂਣਾ ਚਾਹੀਦਾ ਹੈ । ਇਸਲਾਮੀ ਵਿਰਾਸਤੀ ਵਿਵਸਥਾ ਵਿੱਚ ਵਾਰਸਾਂ ਵਿੱਚ ਕਿਸੇ ਵੀ ਪ੍ਰਕਾਰ ਦੇ ਮਤਿਭੇਦ ਦੀ ਥਾਂ ਨਹੀਂ, ਜਿਵੇਂ ਜੇਠਿਆਈ ਜਾਂ ਨਿਕਾਸੀ ਮਹਿਲਾ ਹੈ ।

ਸਮਾਜਕ ਲੈਂਣ ਦੇਣ ਬਾਰੇ ਦਿੱਤੀ ਜਾਣ ਵਾਲੀ ਗਵਾਹੀ ਦੀ ਸੁਰੱਖਿਆ ਨੂੰ ਵਿਸ਼ਵਸਨੀ ਬਨਾਉਣ ਲਈ ਜੋ ਨਿਰਦੇਸ਼ ਦਿਤੱਾ ਗਿਆ ਹੈ ਕਿ ਉਹ ਲਿੱਖਿਆ

ਜਾਏ ਇਸ ਨੂੰ ਗ਼ਲਤੀ ਨਾਲ ਕਈ ਵਾਰ ਇਸਤਰੀਆਂ ਨਾਲ ਮਤਿਭੇਦ ਦੇ ਪ੍ਰਮਾਣ ਵੱਜੋਂ ਪੇਸ਼ ਕੀਤਾ ਜਾਂਦਾ ਹੈ । ਉਹ ਨਿਰਦੇਸ਼ ਇਹ ਹੈ :

"ਤੁਸੀਂ ਆਪਣੇ ਪੁਰੁਸ਼ਾਂ ਵਿੱਚੋਂ (ਇਸ ਮੌਕੇ'ਤੇ) ਦੋ ਗਵਾਹ ਬਣਾ ਲਿਆ ਕਰੋ। ਹਾਂ, ਜੇਕਰ ਦੋਵੇਂ (ਗਵਾਹ) ਪੁਰੁਸ਼ ਨ ਹੋਣ ਤਾਂ ਮੌਕੇ ਦੇ ਗਵਾਹਾਂ ਵਿੱਚੋਂ ਜਿੰਨ੍ਹਾ ਲੋਕਾਂ ਨੂੰ (ਤੁਸੀਂ ਬਤੌਰ ਗਵਾਹ ਦੇ) ਪਸੰਦ ਕਰਦੇ ਹੋ, ਉਹਨਾਂ ਵਿੱਚ ਇਕ ਪੁਰੁਸ਼ ਤੇ ਦੋ ਇਸਤਰੀਆਂ (ਗਵਾਹ ਬਣਾ ਲਿਆ ਕਰੋ, ਦੋ ਇਸਤਰੀਆਂ ਦੀ ਸ਼ਰਤ ਇਸ ਲਈ ਹੈ) ਤਾਂ ਜੋ ਉਹਨਾਂ ਵਿੱਚੋਂ ਇਕ ਦੇ ਭੁੱਲ ਜਾਣ ਦੀ ਅਵਸਥਾ ਵਿੱਚ ਦੋਹਾਂ ਵਿੱਚ ਹਰ ਇਕ ਦੂਜੀ ਨੂੰ ਚੇਤੇ ਕਰਾਏ ।

(ਸੂਰਤ ਬਕਰਾਹ : 283)

ਇੱਥੇ ਮਤਿਭੇਦ ਦਾ ਸੰਦੇਹ ਤੱਕ ਨਹੀਂ ਹੈ । ਆਮ ਨੀਯਮ ਹੈ ਕਿ ਇਸਤਰੀ ਨੂੰ ਅਦਾਲਤੀ ਕਾਰਵਾਈਆਂ ਵਿੱਚ ਗਵਾਹ ਦੇ ਰੂਪ ਵਿੱਚ ਪੇਸ਼ ਹੋਣ ਦੇ ਖ਼ਤਰਿਆਂ ਤੋਂ ਬਚਾਇਆ ਜਾਏ । ਇਸ ਲਈ ਇਸਤਰੀ ਨੂੰ ਸਾਧਾਰਣਤਾ ਕਿਸੇ ਲੈਂਣ ਦੇਣ ਦੇ ਦਸਤਾਵੀਜ਼ਾਂ ਉਪੱਰ ਤਸਦੀਕ ਕਰਨ ਲਈ ਨਹੀਂ ਬੁਲਾਉਂਣਾ ਚਾਹੀਦਾ । ਪਰੰਤੂ ਵਿਸ਼ੇਸ਼ ਅਵਸਥਾ ਵਿੱਚ ਇਸ ਨੀਯਮ ਵਿੱਚ ਨਰਮੀ ਵੀ ਵਰਤੀ ਜਾ ਸਕਦੀ ਹੈ, ਪਰ ਇਸ ਸਮੇਂ ਦੂਜੀ ਔਕੁੜ ਵੀ ਪੇਸ਼ ਆਏਗੀ । ਪੁਰੁਸ਼ਾਂ ਦੇ ਗਵਾਹ ਬਣਨ ਦੀ ਅਵਸਥਾ ਵਿੱਚ ਕਿਉਂਕਿ ਸਮਾਜਕ ਤੌਰ'ਤੇ ਉਹਨਾ ਦਾ ਮਿਲਣਾ ਜੁਲਣਾ ਰਹਿੰਦਾ ਹੈ । ਇਸ ਲਈ ਲੈਣ ਦੇਣ ਦੇ ਮਾਮਲੇ ਵਿੱਚ ਜੋ ਗਵਾਹੀ ਉਹਨਾਂ ਨੇ ਦਿੱਤੀ ਹੁੰਦੀ ਹੈ ਉਹ ਤਾਜ਼ਾ ਹੋ ਜਾਂਦੀ ਹੈ ਅਤੇ ਮਾਮਲੇ ਦੀ ਯਾਦਹਾਨੀ ਨਿਰੰਤਰ ਬਣੀ ਰਹਿੰਦੀ ਹੈ, ਪਰ ਇਕ ਪੁਰੁਸ਼ ਤੇ ਇਕ ਇਸਤਰੀ ਦੀ ਗਵਾਹੀ ਨਾਲ ਮਾਮਲੇ ਨੂੰ ਰਿਕਾਰਡ ਕਰਨ ਦੀ ਅਵਸਥਾ ਵਿੱਚ ਸਾਧਾਰਣਤਾ ਉਸ ਸਮੇਂ ਇਸਲਾਮੀ ਸਾਮਜਕ ਵਿਵਸਥਾ ਹੇਠ ਇਸਤਰੀ ਗਵਾਹ ਨੂੰ ਪੁਰੁਸ਼ ਗਵਾਹ ਨਾਲ ਮਿਲਣ ਅਤੇ ਉਸ ਨਾਲ ਗਲੱਾਂ ਕਰਨ ਦਾ ਮੌਕਾ ਵਾਰ ਵਾਰ ਨਹੀਂ ਮਿਲਦਾ ਜਿਸ ਦੇ ਸਬਬ ਲੈਂਣ ਦੇਣ ਦੇ ਮਾਮਲਿਆਂ ਬਾਰੇ ਉਸ ਦੀ ਯਾਦ ਤਾਜ਼ਾ ਹੋਣ ਦਾ ਮੌਕਾ ਬਹੁਤ ਘੱਟ ਹੁੰਦਾ ਹੈ । ਯਾਦਾਸ਼ਤ ਨੂੰ ਤਾਜ਼ਾ ਰਖੱਣ ਲਈ ਇਸ ਮੌਕੇ ਦੀ ਕਮੀ ਨੂੰ ਦੂਰ ਕਰਨ ਲਈ ਬੁੱਧੀਮਤਾ ਦੇ ਰੂਪ ਵਿੱਚ ਇਹ ਹਿਦਾਇਤ ਦਿੱਤੀ ਗਈ ਹੈ ਕਿ ਜਿੱਥੇ ਕੇਵਲ ਇਕ

ਪੁਰੁਸ਼ ਗਵਾਹ ਹੀ ਹੋਵੇ ਉੱਥੇ ਦੋ ਇਸਤਰੀਆਂ ਨੂੰ ਬੁਲਾਇਆ ਜਾਏ ਤਾਂ ਜੋ ਇਕ ਦੂਜੇ ਨੂੰ ਚੇਤੇ ਕਰਾਏ ਜਿਵੇਂ ਕਿ ਸਾਫ਼ ਆਦੇਸ਼ਾਂ ਤੋਂ ਸਪਸ਼ਟ ਹੈ।

ਇਹ ਹਿਦਾਇਤਾਂ ਕੇਵਲ ਪ੍ਰਮਾਣਾ ਦੀ ਸੁਰੱਖਿਆ ਨਾਲ ਸੰਬੰਧ ਰਖੱਦੀਆਂ ਹਨ । ਗਵਾਹ ਚਾਹੇ ਪੁਰੁਸ਼ ਹੋਣ ਜਾਂ ਇਸਤਰੀ ਇਹਨਾ ਵੱਲੋਂ ਦਿੱਤੀਆਂ ਜਾਣ ਵਾਲੀਆਂ ਗਵਾਹੀਆਂ ਦੇ ਭਾਰ ਵੱਜੋਂ ਇਹਨਾ ਦਾ ਕੋਈ ਸਰੋਕਾਰ ਨਹੀ । ਇਹ ਇਕ ਉਧਾਰਣ ਨਾਲ ਸਪਸ਼ਟ ਹੋ ਜਾਂਦਾ ਹੈ । ਮਨ ਲਓ ਕਿ ਇਕ ਪੁਰੁਸ਼ ਗਵਾਹ ਅਤੇ ਦੋ ਇਸਤਰੀਆਂ ਗਵਾਹਾਂ ਤੋਂ ਤਸਦੀਕ ਕੀਤੇ ਹੋਏ ਦਸਤਾਵੇਜ਼ਾਂ ਵਿੱਚ ਮਤਿਭੇਦ ਹੋਕੇ ਮਾਮਲਾ ਕਾਜ਼ੀ ਕੋਲ ਪਹੁੰਚ ਜਾਂਦਾ ਹੈ । ਬਾਦ ਵਿੱਚ ਪਤਾ ਲਗੱਾ ਕਿ ਇਸਤਰੀ ਗਵਾਹਾਂ ਵਿੱਚੋਂ ਇਕ ਇਸ ਸਮੇਂ ਦੌਰਾਨ ਮਰ ਚੁਕੀ ਹੈ । ਪੁਰੁਸ਼ ਗਵਾਹ ਤੇ ਇਸਤਰੀ ਗਵਾਹ ਤੋਂ ਅਦਾਲਤ ਵਿੱਚ ਬਿਆਨ ਲਿਆ ਗਿਆ । ਕਾਜ਼ੀ ਨੇ ਦੇਖਿਆ ਕਿ ਲੈਣ ਦੇਣ ਦੀ ਸ਼ਰਤ ਬਾਰੇ ਜੋ ਬਿਆਨ ਇਹਨਾ ਦੋਹਾਂ ਨੇ ਦਿੱਤੇ ਸਨ, ਉਹ ਪੂਰੀ ਤਰ੍ਹਾਂ ਮਿਲਦੇ ਨਹੀਂ ਸਨ । ਸੋ, ਹਾਲਾਤ ਦੇ ਹਰ ਪੱਖ'ਤੇ ਗ਼ੌਰ ਕਰਦਿਆਂ ਹੋਇਆਂ ਉਹਨਾ ਨੇ ਗੰਭੀਰਤਾ ਨਾਲ ਇਹ ਅਨੁਭਵ ਕੀਤਾ ਕਿ ਪੁਰੁਸ਼ ਦੀ ਤੁਲਨਾ ਵਿੱਚ ਇਸਤਰੀ ਦਾ ਬਿਆਨ ਬਹੁਤਾ ਭਰੋਸੇ ਯੋਗ ਹੈ । ਅਜਿਹੀ ਅਵਸਥਾ ਵਿੱਚ ਕਾਜ਼ੀ ਦੀ ਜ਼ਿੰਮੇਦਾਰੀ ਹੈ ਕਿ ਇਸਤਰੀ ਦੀ ਗਵਾਹੀ ਨੂੰ ਪਰਵਾਨ ਕਰਦਿਆਂ ਹੋਇਆਂ ਉਸ ਦੀ ਗਵਾਹੀ ਨੂੰ ਪੁਰੁਸ਼ ਦੀ ਗਵਾਹੀ ਉਪੱਰ ਪ੍ਰਾਥਮਿਕਤਾ ਦਿੱਤੀ ਜਾਏ । ਇੱਥੇ ਇਸਤਰੀ ਨਾਲ ਮਤਿਭੇਦ ਕਰਨ ਦਾ ਵਿਰੋਧ ਜਾਂ ਅਨੁਕੂਲਤਾ ਦਾ ਪ੍ਰਸ਼ਨ ਹੀ ਨਹੀਂ ਉਠੱਦਾ ।

## ਪੁਰਸ਼ ਇਸਤਰੀ ਦੀ ਸੁੱਰਖਿਆ

ਪੁਰੁਸ਼ ਤੇ ਇਸਤਰੀ ਇਕ ਦੂਜੇ ਲਈ ਪ੍ਰਕ੍ਰਿਤਿਕ ਨੇਮਤ ਹਨ । ਅਤੇ ਇਸ ਪੱਖੋਂ ਇਸ ਨੂੰ ਮਾਨਸਕ ਸ਼ਾਂਤੀ ਤੇ ਇਲਾਹੀ ਰਜ਼ਾ ਪ੍ਰਾਪਤ ਕਰਨ ਦਾ ਸਾਧਨ ਮਨਕੇ ਇਸਦੀ ਕਦਰ ਕਰਨੀ ਚਾਹੀਦੀ ਹੈ । ਇਹਨਾ ਦੋਹਾਂ ਦੀ ਕਮਜ਼ੋਰੀ ਤੇ ਤਾਕਤ ਬਾਰੇ ਉਹੋ ਹੀ ਬਿਹਤਰ ਜਾਣਦਾ ਹੈ ਜਿਸਨੇ ਇਹਨਾ ਨੂੰ ਪੈਦਾ ਕੀਤਾ ਹੈ ਅਤੇ ਉਸ ਨੇ ਆਪਣੀ ਕਿਰਪਾ ਨਾਲ ਦੋਹਾਂ ਨੂੰ ਆਪਣੀਆਂ ਕਮਜ਼ੋਰੀਆਂ ਨੂੰ ਲੁਕਾਉਣ ਅਤੇ

ਆਪਣੀ ਅਤੇ ਆਪਣੀ ਤਾਕਤ ਨੂੰ ਪਰਵਾਨ ਚੜ੍ਹਾਉਣ ਦੇ ਲੋੜੀਂਦੇ ਨਿਰਦੇਸ਼ ਦਿੱਤੇ । ਫ਼ਸਾਦ ਤੇ ਉਪਦੱਰ ਵਾਸਤਵ ਵਿੱਚ ਇਹਨਾ ਨਿਰਦੇਸ਼ਾਂ ਦੀ ਉਲੰਘਣਾ ਦਾ ਸਿਟਾ ਹੈ । ਇਹਨਾ ਨਿਰਦੇਸ਼ਾਂ ਦੀ ਪੱਕਿਆਈ ਨਾਲ ਪਾਲਣਾ ਕਰਨ ਨਾਲ ਜੀਵਨ ਸ਼ਾਂਤੀਪੂਰਨ ਤੇ ਆਨੰਦਮਈ ਬਣ ਜਾਂਦਾ ਹੈ । ਕੁਰਆਨ ਕਰੀਮ ਫ਼ਰਮਾਉਂਦਾ ਹੈ :

"ਅਤੇ ਅਸੀਂ ਮਨੁੱਖ ਨੂੰ ਪੈਦਾ ਕੀਤਾ ਹੈ ਅਤੇ ਜੋ ਭਰਮ ਉਸਦਾ ਨਫ਼ਸ ਪੈਦਾ ਕਰਦਾ ਹੈ, ਉਸਨੂੰ ਚੰਗੀ ਤਰ੍ਹਾਂ ਜਾਣਦੇ ਹਾਂ ।"

(ਸੂਰਤ ਕਾਫ਼ : 17)

"ਅਸੀਂ ਮਨੁੱਖ ਨੂੰ ਇਕ ਅਜਿਹੇ ਵੀਰਜ ਤੋਂ ਪੈਦਾ ਕੀਤਾ ਹੈ ਜਿਸ ਵਿੱਚ ਭਿੰਨ ਭਿੰਨ ਸ਼ਕਤੀਆਂ ਮਿਲੀਆਂ ਹੋਈਆਂ ਸਨ ਤਾਂ ਜੋ ਅਸੀਂ ਉਸਦਾ ਪ੍ਰੀਖਣ ਕਰੀਏ, ਫਿਰ ਅਸੀਂ ਉਸਨੂੰ ਸੁਣਨ ਵਾਲਾ ਤੇ ਦੇਖਣ ਵਾਲਾ ਬਣਾ ਦਿਤੱਾ । ਅਸੀਂ ਉਸਨੂੰ ਉਸਦੀ ਸਮਰਥਾ ਅਨੁਸਾਰ ਮਾਰਗ ਦੱਸ ਦਿਤੱਾ, ਹੁਣ ਉਹ ਭਾਵੇਂ ਸ਼ੁਕਰ ਕਰੇ ਜਾਂ ਅਵਗਿਆ ਕਰਨ ਵਾਲਾ ਬਣ ਜਾਏ ।"

(ਸੂਰਤ ਦਹਰ 3–4)

ਮਨੁੱਖੀ ਦਿਲ ਕਿਉਂਕਿ ਕੰਨ੍ਹਾ ਤੇ ਅੱਖਾਂ ਆਦਿ ਅੰਗਾ ਨਾਲ ਵਿਚਾਰਾਂ ਨੂੰ ਜਜ਼ਬ (ਅਵਸ਼ੋਸ਼ਿਤ) ਕਰਦੇ ਹਨ ਅਤੇ ਨੇਕੀ ਜਾਂ ਬਦੀ ਵੱਲ ਤਹਿਰੀਕ ਕਰਦੇ ਹਨ, ਇਸ ਲਈ ਉਹ ਇਸ ਪ੍ਰਕਾਰ ਜਾਗ੍ਰਿਤ ਕੀਤਾ ਗਿਆ ਹੈ ।

'ਅਤੇ ਹੇ, (ਸੰਬੋਧਕ) ਜਿਸ ਗੱਲ ਦੀ ਤੈਨੂੰ ਜਾਣਕਾਰੀ ਨ ਹੋਵੇ ਉਸਦੀ ਪੈਰ੍ਹਵੀ ਨ ਕਰਿਆ ਕਰ (ਕਿਉਂਕਿ) ਕੰਨ, ਅੱਖ ਤੇ ਦਿਲ ਇਹਨਾ ਬਾਰੇ ਤੈਥੋਂ ਪੁੱਛਿਆ ਜਾਏਗਾ ।' (ਬਨੀ ਇਸਰਾਈਲ : 37)

ਇਸ ਲਈ ਇਹਨਾ ਇੰਦਰੀਆਂ ਨੂੰ ਵਰਤੋਂ ਵਿੱਚ ਲਿਆਉਣਾ ਤੇ ਇਹਨਾ ਰਾਹੀਂ ਸੁਚੇਤ ਰਹਿਣਾ ਹੀ ਵਾਸਤਵ ਵਿੱਚ ਸੰਜਮਤਾ ਦੀ ਆਤਮਾ ਹੈ । ਰੱਬ ਨੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਇਹ ਹੁਕਮ ਦਿਤੱਾ:

"ਤੂੰ ਮੋਮਿਨਾਂ ਨੂੰ ਕਹਿ ਦੇ ਕਿ ਉਹ ਆਪਣੀਆਂ ਅਖੱਾਂ ਨੀਵੀਆਂ ਰੱਖਿਆ ਕਰਨ ਅਤੇ ਆਪਣੇ ਗੁਪਤਾਂਗਾ ਦੀ ਵੀ ਰਾਖੀ ਕਰਿਆ ਕਰਨ, ਇਹ ਉਹਨਾ

ਲਈ ਬਹੁਤ ਪਵਿੱਤਰਤਾ ਦਾ ਸਬਬ ਹੋਵੇਗਾ । ਜੋ ਕੁਝ ਉਹ ਕਰਦੇ ਹਨ ਰੱਬ ਉਸ ਤੋਂ ਚੰਗੀ ਤਰ੍ਹਾਂ ਖ਼ਬਰਦਾਰ ਹੈ । ਅਤੇ ਮੋਮਿਨ ਇਸਤਰੀਆਂ ਨੂੰ ਵੀ ਕਹਿ ਦਿਓ ਕਿ ਉਹ ਵੀ ਆਪਣੀਆਂ ਅਖੱਾਂ ਨੀਵੀਆਂ ਰੱਖੀਆਂ ਕਰਨ ਅਤੇ ਆਪਣੇ ਗੁਪਤਾਂਗਾ ਦੀ ਰਾਖੀ ਕਰਿਆ ਕਰਨ, ਅਤੇ ਆਪਣੀ ਸੁੰਦਰਤਾ ਨੂੰ (ਦੂਜਿਆਂ ਉਪੱਰ) ਪ੍ਰਕਟ ਨ ਕਰਿਆ ਕਰਨ, ਸਿਵਾਏ ਇਸਦੇ ਕਿ ਆਪਣੇ ਆਪ ਹੀ ਬੇ ਇਖ਼ਤਿਆਰੀ ਵਿੱਚ ਪ੍ਰਗਟ ਹੁੰਦੀ ਹੋਵੇ ਅਤੇ ਆਪਣੀਆਂ ਓੜ੍ਹਨੀਆਂ ਨੂੰ ਆਪਣੇ ਸੀਨੇ ਦੇ ਉਪੱਰੋ ਦੀ ਲੰਘਾਕੇ ਤੇ ਉਸਨੂੰ ਢੱਕ ਕੇ ਪਾਇਆ ਕਰਨ, ਅਤੇ ਉਹ ਕੇਵਲ ਆਪਣੇ ਪਤੀਆਂ ਜਾਂ ਆਪਣੇ ਬਾਪਾਂ ਜਾਂ ਆਪਣੇ ਸਹੁਰਿਆਂ ਜਾਂ ਆਪਣੇ ਪੁਤੱਰਾਂ ਜਾਂ ਆਪਣੇ ਪਤੀਆਂ ਦੇ ਪੁਤੱਰਾਂ ਜਾਂ ਭਰਾਵਾਂ ਜਾਂ ਆਪਣੇ ਭਰਾਵਾਂ ਦੇ ਪੁਤੱਰਾਂ ਜਾਂ ਆਪਣੀਆਂ ਭੈਣਾ ਦੇ ਪੁਤੱਰਾਂ ਜਾਂ (ਆਪਣੀਆਂ ਸਹੇਲੀਆਂ) ਸਾਥੀ ਇਸਤਰੀਆਂ ਜਾਂ ਦਾਸੀਆਂ ਹਨ ਜਾਂ ਅਜਿਹੇ ਬਾਲਕ ਜੋ ਅਜੇ ਜਵਾਨ ਨਹੀਂ ਹੋਏ ਜਾਂ ਅਜਿਹੇ ਬੱਚੇ ਜਿੰਨ੍ਹਾ ਨੂੰ ਹੁਣੇ ਇਸਤਰੀਆਂ ਦੇ ਵਿਸ਼ੇਸ਼ ਸੰਬੰਧਾਂ ਬਾਰੇ ਜਾਣਕਾਰੀ ਨਹੀਂ ਹੈ, ਆਪਣੀ ਸੁੰਦਰਤਾ ਪ੍ਰਗਟ ਕਰਨ । ਇਹਨਾ ਤੋਂ ਬਿਨਾ ਕਿਸੇ ਹੋਰ'ਤੇ ਪ੍ਰਗਟ ਨ ਕਰਨ । ਅਤੇ (ਤੁਰਨ ਫਿਰਨ ਸਮੇਂ) ਆਪਣੇ ਪੈਰ੍ਹ ਧਰਤੀ ਉਪੱਰ ਇਸ ਲਈ ਜ਼ੋਰ ਨਾਲ ਨ ਮਾਰਨ ਕਿ ਉਹ ਚੀਜ਼ ਪ੍ਰਗਟ ਹੋ ਜਾਏ ਜਿਸਨੂੰ ਉਹ ਆਪਣੀ ਸੁੰਦਰਤਾ ਕਰਕੇ ਲੁਕੋ ਰਹੀਆਂ ਹਨ । ਅਤੇ ਹੇ, ਮੋਮਿਨੋ ! ਤੁਸੀਂ ਸਾਰੇ ਰੱਬ ਵੱਲ ਧਿਆਨ ਦਿਆ ਕਰੋ, ਤਾਂ ਜੁ ਤੁਸੀਂ ਸਫ਼ਲ ਹੋ ਸਕੋ ।" (ਸੂਰਤ ਨੂਰ : 31–32)

"ਹੇ, ਮੋਮਿਨੋ ! ਚਾਹੀਦਾ ਹੈ ਕਿ ਉਹ ਲੋਕ, (ਅਰਥਾਤ ਦਾਸ ਦਾਸੀਆਂ) ਜੋ ਤੁਹਾਡੇ ਅਧੀਨ ਹਨ ਅਤੇ ਉਹ ਲੋਕ ਜੋ ਅਜੇ ਬਾਲਗ਼ ਨਹੀਂ ਹੋਏ, ਉਹ ਤਿੰਨ ਸਮਿਆਂ ਵਿੱਚ ਆਗਿਆ ਲੈਕੇ ਅੰਦਰ ਆਇਆ ਕਰਨ, ਸਵੇਰ ਦੀ ਨਮਾਜ਼ ਤੋਂ ਪਹਿਲਾਂ, ਦੁਪਹਿਰ ਸਮੇਂ ਜੱਦ ਤੁਸੀਂ ਆਪਣੇ ਬਸਤਰ ਉਤਾਰ ਦਿੰਦੇ ਹੋ ਅਤੇ ਇਸ਼ਾ (ਰਾਤ ਦੀ ਨਮਾਜ਼) ਦੇ ਬਾਦ । ਇਹ ਤਿੰਨ ਸਮੇਂ ਤੁਹਾਡੇ ਪਰਦੇ ਦੇ ਹਨ । ਇਹਨਾ ਸਮਿਆਂ ਤੋਂ ਬਿਨਾ (ਅੰਦਰ ਆਉਣ ਜਾਣ'ਤੇ) ਤੁਹਾਡੇ'ਤੇ ਕੋਈ ਦੋਸ਼ ਨਹੀਂ ਅਤੇ ਨ ਹੀ ਉਹਨਾ'ਤੇ ਕੋਈ ਦੋਸ਼ ਹੈ । ਕਿਉਂਕਿ ਕਈ ਤੁਹਾਡੇ ਵਿੱਚੋਂ ਕਈਆਂ ਕੋਲ ਲੋੜ

ਅਨੁਸਾਰ ਆਇਆ ਜਾਇਆ ਕਰਦੇ ਹਨ । ਇਸੇ ਪ੍ਰਕਾਰ ਰੱਬ ਆਪਣੇ ਹੁਕਮ ਤੁਹਾਡੇ ਲਈ ਖੋਲ੍ਹਕੇ ਵਰਨਣ ਕਰਦਾ ਹੈ ਅਤੇ ਅਲੱਾਹ ਬਹੁਤ ਜਾਨਣਹਾਰ ਤੇ ਯੁਕਤੀਮਾਨ ਹੈ ।'' (ਸੂਰਤ ਨੂਰ : 59)

''ਅਤੇ ਜੱਦ ਤੁਹਾਡੇ ਬੱਚੇ ਬਾਲਗ਼ ਹੋ ਜਾਣ, ਤਾਂ ਜ਼ਰੂਰੀ ਹੈ ਕਿ ਉਹ ਵੀ (ਅੰਦਰ ਆਉਣ ਦੀ) ਆਗਿਆ ਪ੍ਰਾਪਤ ਕਰ ਲਿਆ ਕਰਨ, ਜਿਵੇਂ ਉਹਨਾ ਤੋਂ ਪਹਿਲਾਂ (ਅਰਥਾਤ ਵੱਡੇ) ਲੋਕ ਆਗਿਆ ਲਿਆ ਕਰਦੇ ਹਨ । ਇਸੇ ਪ੍ਰਕਾਰ ਅਲੱਾਹ ਆਪਣੇ ਆਦੇਸ਼ ਤੁਹਾਡੇ ਲਈ ਵਿਸਥਾਰ ਨਾਲ ਬਿਆਨ ਕਰਦਾ ਹੈ ਅਤੇ ਰੱਬ ਬਹੁਤ ਜਾਨਣਹਾਰ ਤੇ ਯੁਕਤੀਮਾਨ ਹੈ ।'' (ਸੂਰਤ ਨੂਰ : 60)

''ਅਤੇ ਉਹ ਔਰਤਾਂ ਜੋ ਬ੍ਰਿਧ ਹੋ ਗਈਆਂ ਹਨ, ਅਤੇ ਜੋ ਨਿਕਾਹ ਦੇ ਯੋਗ ਨਹੀਂ ਹਨ । ਉਹਨਾ'ਤੇ ਕੋਈ ਦੋਸ਼ ਨਹੀਂ ਹੈ ਕਿ ਉਹ ਆਪਣੇ ਸਿਰਾਂ ਦੇ ਕਪੜੇ ਇਸ ਪ੍ਰਕਾਰ ਉਤਾਰੀ ਰਖੱਣ ਕਿ ਉਹਨਾ ਦੀ ਸੁੰਦਰਤਾ ਪ੍ਰਕਟ ਨ ਹੋ ਸਕੇ ਅਤੇ ਉਹਨਾ ਦਾ ਇਸ ਤੋਂ ਬਚੇ ਰਹਿਣਾ ਉਹਨਾ ਲਈ ਵਧੇਰੇ ਚੰਗਾ ਹੈ ਅਤੇ ਅਲੱਾਹ ਬਹੁਤ ਸੁਣਨ ਵਾਲਾ ਦੇ ਜਾਨਣਹਾਰ ਹੈ ।'' (ਸੂਰਤ ਨੂਰ : 61)

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀਆਂ ਪਵਿੱਤਰ ਪਤਨੀਆਂ ਲਈ ਕੁਝ ਵਿਸ਼ੇਸ਼ ਨਿਰਦੇਸ਼ ਦਿੱਤੇ ਗਏ ਹਨ ਜਿਸ ਵਿੱਚ ਖ਼ੁਸ਼ ਖ਼ਲਕੀ (ਚੰਗੇ ਬੋਲ) ਦਾ ਚੰਗਾ ਨਮੂਨਾ ਵਰਨਣ ਹੋਏ ਹਨ ਅਤੇ ਜਿਸ ਨੂੰ ਹਰ ਮੋਮਿਨ ਇਸਤਰੀ ਨੂੰ ਜੀਵਨ ਅੰਗ ਬਨਾਉਂਣਾ ਚਾਹੀਦਾ ਹੈ ।

''ਹੇ ਨਬੀ ! ਪਤਨੀਆਂ ਨੂੰ ਕਹਿ ਕਿ ਜੇਕਰ ਤੁਸੀਂ ਦੁਨੀਆ ਤੇ ਉਸ ਦੀ ਸੁੰਦਰਤਾ ਚਾਹੁੰਦੀਆਂ ਹੋ ਤਾਂ ਆਓ ਮੈਂ ਤੁਹਾਨੂੰ ਕੁਝ ਸੰਸਾਰੀ ਸਮਾਨ ਦੇ ਦਿੰਦਾ ਹਾਂ ਅਤੇ ਤੁਹਾਨੂੰ ਰੁਖ਼ਸਤ ਕਰ ਦਿੰਦਾ ਹਾਂ । ਅਤੇ ਜੇਕਰ ਤੁਸੀਂ ਰੱਬ ਅਤੇ ਉਸ ਦੇ ਰਸੂਲ ਅਤੇ ਪਰਲੈ ਦੇ ਜੀਵਨ ਦੇ ਘਰ ਨੂੰ ਚਾਹੁੰਦੀਆਂ ਹਨ ਤਾਂ ਰੱਬ ਨੇ ਤੁਹਾਡੇ ਵਿੱਚੋਂ ਪੂਰੀ ਤਰ੍ਹਾਂ ਇਸਲਾਮ ਉਪੱਰ ਕਾਇਮ ਰਹਿਣ ਵਾਲੀਆਂ ਲਈ ਬਹੁਤ ਵਡੱਾ ਪੁਰਸਕਾਰ ਨਿਯੁਕਤ ਕਰ ਰੱਖਿਆ ਹੈ । ਹੇ, ਨਬੀ ਦੀ ਪਤਨੀਓ ! ਜੇਕਰ ਤੁਹਾਡੇ ਵਿੱਚੋਂ ਕੋਈ ਆਲਾ ਇਮਾਨ ਦੇ ਵਿਰੁਧ ਗੱਲ ਕਰੇ ਤਾਂ ਉਸ ਦਾ ਦੰਡ ਦੂਣਾ ਕੀਤਾ

ਜਾਏਗਾ । ਅਤੇ ਇਹ ਗੱਲ ਰੱਬ ਲਈ ਸੌਖੀ ਹੈ । ਅਤੇ ਤੁਹਾਡੇ ਵਿੱਚੋਂ ਜੋ ਰੱਬ ਅਤੇ ਉਸਦੇ ਰਸੂਲ ਦੀ ਆਗਿਅਕਾਰੀ ਕਰੇਗੀ ਅਤੇ ਉਸ ਆਗਿਆਕਾਰੀ ਅਨੁਸਾਰ ਕੰਮ ਵੀ ਕਰੇਗੀ ਤਾਂ ਅਸੀਂ ਉਸਨੂੰ ਪੁਰੁਸਕਾਰ ਵੀ ਦੂਣਾ ਦਿਆਂਗੇ ਅਤੇ ਅਸੀਂ ਅਜਿਹੀ (ਪਤਨੀ) ਲਈ ਸਨਮਾਨਯੋਗ ਰਿਜ਼ਕ ਤਿਆਰ ਕੀਤਾ ਹੋਇਆ ਹੈ ।"

(ਸੂਰਤ ਅਹਜ਼ਾਬ 29–32)

ਹੇ, ਨਬੀ ਦੀ ਪਤਨੀਓ ! ਜੇਕਰ ਤੁਸੀਂ ਆਪਣੇ ਮੁਕਾਮ ਨੂੰ ਸਮਝੋ ਤਾਂ ਤੁਸੀਂ ਸਾਧਾਰਣ ਇਸਤਰੀਆਂ ਵਾਂਗ ਨਹੀਂ ਹੋ । ਸੋ, ਚਬੱਕੇ (ਦੰਦ ਪੀਹ ਕੇ) (ਅਰਥਾਤ ਨਾਜ਼ ਨਖ਼ਰਿਆਂ ਨਾਲ) ਗੱਲ ਨ ਕਰੋ । ਤਾਂ ਜੋ ਅਜਿਹਾ ਨ ਹੋਵੇ ਕਿ ਜਿਸ ਦੇ ਮਨ ਵਿੱਚ ਰੋਗ ਹੈ ਉਹ ਤੁਹਾਡੇ ਬਾਰੇ ਕੋਈ ਮਾੜੀ ਨੀਤ ਕਰੇ ਅਤੇ ਹਮੇਸ਼ਾ ਲੋਕਾਂ ਨੂੰ ਚੰਗੀਆਂ ਗਲੱਾਂ ਕਿਹਾ ਕਰੋ ਅਤੇ ਆਪਣੇ ਘਰਾਂ ਵਿੱਚ ਬੈਠੀ ਰਿਹਾ ਕਰੋ ਅਤੇ ਆਪਣੇ ਪੁਰਾਣੇ ਜ਼ਮਾਨੇ ਦੇ ਜਾਹਲਾਂ ਵਾਲੇ (ਤਰੀਕਿਆਂ) ਵਾਂਗ ਆਪਣੀ ਜ਼ੀਨਤ (ਗ਼ੈਰ ਲੋਕਾਂ'ਤੇ) ਪ੍ਰਕਟ ਨ ਕਰਿਆ ਕਰੋ ਅਤੇ ਨਮਾਜ਼ ਨੂੰ (ਉਸ ਦੀਆਂ ਨੀਯਤ ਸ਼ਰਤਾਂ ਅਨੁਸਾਰ) ਪੜ੍ਹਿਆ ਕਰੋ ਤੇ ਜ਼ਕਾਤ ਦਿਆ ਕਰੋ । ਅਲੱਾਹ ਅਤੇ ਉਸ ਦੇ ਰਸੂਲ ਦੀ ਤਾਬਿਆਦਾਰੀ ਕਰੋ । ਹੇ, ਬੈਅਤ ਕਰਨ ਵਾਲਿਓ ! ਰੱਬ ਤੁਹਾਡੇ ਵਿੱਚੋਂ ਹਰ ਪ੍ਰਕਾਰ ਦੀ ਬੁਰਾਈ ਖ਼ਤਮ ਕਰਨਾ ਅਤੇ ਤੁਹਾਨੂੰ ਪੂਰਨ ਰੂਪ ਵਿੱਚ ਪਵਿੱਤਰ ਕਰਨਾ ਚਾਹੁੰਦਾ ਹੈ । ਅਤੇ ਜੋ ਕੁਝ ਵੀ ਤੁਹਾਡੇ ਘਰਾਂ ਵਿੱਚ ਰੱਬ ਦੀਆਂ ਆਇਤਾਂ ਤੇ ਦਾਨਾਈ ਦੀਆਂ ਗਲੱਾਂ ਦੀਆਂ ਤਲਾਵਤ ਕੀਤੀ ਜਾਂਦੀ ਹੈ ਉਸਨੂੰ ਚੇਤੇ ਰੱਖੋ, ਰੱਬ ਬਹੁਤ ਮਿਹਰ ਕਰਨ ਵਾਲਾ ਅਤੇ ਖ਼ਬਰ ਰਖੱਣ ਵਾਲਾ ਹੈ।"

(ਸੂਰਤ ਅਹਜ਼ਾਬ 33–35)

ਉਪਰੋਕਤ ਨਿਰਦੇਸ਼ਾਂ ਦੀ ਬਣਤਰ ਇਸ ਲਈ ਕੀਤੀ ਗਈ ਤਾਂ ਜੋ ਪੁਰੁਸ਼ ਤੇ ਇਸਤਰੀ ਵਿੱਚ ਚੰਗੇ ਅਖ਼ਲਾਕ ਦਾ ਮਿਆਰ ਸਥਾਪਨ ਹੋਵੇ ਅਤੇ ਹਰ ਹਾਲਤ ਵਿੱਚ ਦੋਵੇਂ ਮਿਲਕੇ ਇਜ਼ੱਤ ਤੇ ਸਨਮਾਨ ਨਾਲ ਜੀਵਨ ਬਤੀਤ ਕਰਨ । ਗੰਭੀਰਤਾ, ਸਾਦਗੀ ਤੇ ਪਵਿਤੱਰਤਾ ਇਸਲਾਮੀ ਸਮਾਜ ਦੀ ਵੱਡੀ ਸ਼ਾਨ ਹੈ । ਪੁਰੁਸ਼ ਤੇ ਇਸਤਰੀ ਦੇ ਸੁਤੰਤਰ ਤੇ ਬੇ ਲਗਾਮ ਮੇਲ ਮਿਲਾਪ ਤੋਂ ਮਨਾ ਕੀਤਾ ਗਿਆ ਹੈ ਅਤੇ ਦੋਹਾਂ ਤੋਂ ਇਹ ਤਕਾਦਾ ਕੀਤਾ ਜਾਂਦਾ ਹੈ ਕਿ ਉਹ ਇਕ ਹੱਦ ਤੱਕ ਸਭਿਆਚਾਰੀ

ਹੋਣ। ਇਸਤਰੀਆਂ ਹਰ ਪ੍ਰਕਾਰ ਦੇ ਕਸ਼ਟ ਅਤੇ ਪਰੇਸ਼ਾਨੀ ਦੇ ਸਾਰਿਆਂ ਖ਼ਤਰਿਆਂ ਤੋਂ ਸੁਰੱਖਿਅਤ ਰਹਿਣੀਆਂ ਚਾਹੀਦੀਆਂ ਹਨ । ਜਿਵੇਂ ਕਿ ਹੁਕੁਮ ਹੈ ਕਿ :

"ਹੇ ਨਬੀ ! ਆਪਣੀਆਂ ਪਤਨੀਆਂ ਤੇ ਆਪਣੀਆਂ ਪੁਤੱਰੀਆਂ ਅਤੇ ਮੋਮਿਨਾ ਦੀਆਂ ਪਤਨੀਆਂ ਨੂੰ ਕਹਿ ਦੇ ਕਿ (ਜੱਦ ਉਹ ਬਾਹਰ ਨਿਕਲਣ) ਆਪਣੀਆਂ ਵੱਡੀਆਂ ਚਾਦਰਾਂ ਸਿਰ ਉਪੱਰੋਂ ਦੀ ਆਪਣੇ ਸੀਨਿਆਂ ਤੱਕ ਲੈ ਆਇਆ ਕਰਨ, ਇਹ ਕੰਮ ਇਸ ਗੱਲ ਨੂੰ ਸੰਭਵ ਬਣਾ ਦਿੰਦਾ ਹੈ ਕਿ ਉਹ ਪਛਾਣੀਆਂ ਜਾਣ ਅਤੇ ਉਹਨਾ ਨੂੰ ਦੁੱਖ ਨ ਦਿਤੱਾ ਜਾਏ ਅਤੇ ਰੱਬ ਬਹੁਤ ਬਖੱਸ਼ਣ ਵਾਲਾ ਅਤੇ ਵਾਰ ਵਾਰ ਰਹਿਮ ਕਰਨ ਵਾਲਾ ਹੈ ।" (ਸੂਰਤ ਅਹਜ਼ਾਬ : 60)

ਪੁਰੁਸ਼ ਇਸਤਰੀ ਦਾ ਬੇਲਗਾਮ ਤੇ ਸੁਤੰਤਰ ਮੇਲ ਮਿਲਾਪ ਅਤੇ ਪੁਰੁਸ਼ਾਂ ਨੂੰ ਆਪਣੇ ਵੱਲ ਮੋਹਿਤ ਕਰਨ ਲਈ ਇਸਤਰੀਆਂ ਦੇ ਬਣਾਉ ਸ਼ਿੰਗਾਰ ਕਰਕੇ ਬਾਹਰ ਨਿਕਲਣਾ ਪਛੱਮੀ ਸਭਿਅਚਾਰ ਦੀ ਤਬਾਹੀ ਦਾ ਸਬਬ ਬਣ ਗਿਆ ਹੈ। ਸਾਦਗੀ ਅਤੇ ਨੇਕ ਚਲਣੀ ਦੇ ਸਾਰੇ ਅਦਬ ਇਕ ਪਾਸੇ ਕਰ ਦਿੱਤੇ ਗਏ ਅਤੇ ਪਹਿਲੀਆਂ ਬਹੁਮੁੱਲ ਕਦਰਾਂ ਕੀਮਤਾਂ ਦਾ ਖੰਡਨ ਕੀਤਾ ਗਿਆ ਹੈ । ਚਿੰਤਾ ਦੀ ਗੱਲ ਇਹ ਹੈ ਕਿ ਪਛੱਮੀ ਰੁਝਾਨ ਰਖੱਣ ਵਾਲੇ ਮੁਸਲਮਾਨ ਪਛੱਮ ਦੀ ਇਸ ਪ੍ਰਬਲ ਰੀਤੀ ਦਾ ਬਚਾਉ ਕਰਨ ਤੋਂ ਲਾਚਾਰ ਹੋ ਚੁੱਕੇ ਹਨ । ਬਹਿਰਹਾਲ ਸੁਹਿਰਦ ਉਮੀਦ ਕੀਤੀ ਜਾਂਦੀ ਹੈ ਕਿ ਇਸ ਪ੍ਰਕਾਰ ਦੀ ਜੀਵਨ ਸ਼ੈਲੀ ਦੇ ਲੁਕੇ ਹੋਏ ਖ਼ਤਰਿਆਂ ਨੂੰ ਉਹ ਛੇਤੀ ਤੋਂ ਛੇਤੀ ਭਾਂਪ ਲੈਂਣਗੇ ਅਤੇ ਇਸਲਾਮੀ ਕਦਰਾਂ ਕੀਮਤਾਂ ਨੂੰ ਸਰਾਹੁੰਦਿਆਂ ਹੋਇਆਂ ਇਹਨਾਂ'ਤੇ ਪਾਬੰਦ ਹੋਣਗੇ ।